ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit **punjabipost.ca/epaper** | **Vol 23* Issue 43** | **Thursday, February 29, 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਕੈਨੇਡਾ ਆਉਣ ਵਾਲੇ ਮੈਕਸਿਕਨ ਨਾਗਰਿਕਾਂ ਉੱਤੇ ਮੁੜ ਲਾਈਆਂ ਜਾਣਗੀਆਂ ਵੀਜ਼ਾ ਸਬੰਧੀ ਸ਼ਰਤਾਂ

**ਫੈਡਰਲ ਸਰਕਾਰ ਦਾ ਇਹ ਨਵਾਂ ਨਿਯਮ ਵੀਰਵਾਰ ਨੂੰ ਰਾਤੀਂ 11:30 ਵਜੇ ਤੋਂ ਲਾਗੂ ਹੋ ਜਾਵੇਗਾ**



ਮੈਕਸਿਕੋ, 28 ਫਰਵਰੀ (ਪੋਸਟ ਬਿਊਰੋ) : ਕੈਨੇਡਾ ਆਉਣ ਵਾਲੇ ਮੈਕਸਿਕੋ ਦੇ ਕੁੱਝ ਨਾਗਰਿਕਾਂ ਉੱਤੇ ਵੀਜ਼ਾ ਸਬੰਧੀ ਸ਼ਰਤਾਂ ਮੁੜ ਲਾਈਆਂ ਜਾਣਗੀਆਂ। ਇਹ ਜਾਣਕਾਰੀ ਸਰਕਾਰੀ ਸੂਤਰ ਨੇ ਦਿੱਤੀ।

ਫੈਡਰਲ ਸਰਕਾਰ ਦਾ ਇਹ ਨਵਾਂ ਨਿਯਮ ਵੀਰਵਾਰ ਨੂੰ ਰਾਤੀਂ 11:30 ਵਜੇ ਤੋਂ ਲਾਗੂ ਹੋ ਜਾਵੇਗਾ। ਪਿਛਲੇ ਮਹੀਨੇ ਕੰਜ਼ਰਵੇਟਿਵਾਂ ਨੇ ਸਰਕਾਰ ਤੋਂ ਇਨ੍ਹਾਂ ਵੀਜ਼ਾ ਨਿਯਮਾਂ ਨੂੰ ਮੁੜ ਲਾਗੂ ਕਰਨ ਦੀ ਮੰਗ ਕੀਤੀ ਸੀ। ਕੰਜ਼ਰਵੇਟਿਵਾਂ ਵੱਲੋਂ ਰਫਿਊਜੀ ਸਬੰਧੀ ਦਾਅਵੇ ਠੁਕਰਾਏ ਜਾਣ ਦੇ ਮੁੱਦੇ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਸੀ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕੁੱਝ ਸਾਲਾਂ ਵਿੱਚ ਮੈਕਸਿਕੋ ਤੋਂ ਪਨਾਹ ਲੈਣ ਲਈ ਕੈਨੇਡਾ ਨੂੰ ਮਿਲ ਰਹੀਆਂ ਅਰਜ਼ੀਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਪਰ ਮੈਕਸਿਕੋ ਦੇ ਬਿਨੈਕਾਰਾਂ ਨੂੰ ਹੋਰਨਾਂ ਦੇਸ਼ਾਂ ਦੇ ਬਿਨੈਕਾਰਾਂ ਨਾਲੋਂ ਘੱਟ ਰਫਿਊਜੀ ਦਰਜਾ ਹਾਸਲ ਹੋ ਰਿਹਾ ਹੈ।

ਅਜਿਹਾ ਅੰਸ਼ਕ ਤੌਰ ਉੱਤੇ 2016 ਵਿੱਚ ਸਰਕਾਰ ਵੱਲੋਂ ਮੈਕਸਿਕੋ ਦੇ ਲੋਕਾਂ ਤੋਂ ਵੀਜ਼ਾ ਦੀ ਸ਼ਰਤ ਹਟਾ ਲਏ ਜਾਣ ਦੇ ਫੈਸਲੇ ਕਾਰਨ ਹੋ ਰਿਹਾ ਹੈ। ਇਸ ਫੈਸਲੇ ਕਾਰਨ ਮੈਕਸਿਕੋ ਦੇ ਲੋਕਾਂ ਲਈ ਕੈਨੇਡਾ ਵਿੱਚ ਪਨਾਹ ਲੈਣਾ ਸੁਖਾਲਾ ਹੋ ਗਿਆ ਸੀ। ਟੋਰੀਜ਼ ਦਾ ਕਹਿਣਾ ਹੈ ਕਿ ਇਸ ਤਬਦੀਲੀ ਕਾਰਨ ਹੀ ਫਰੌਡ ਵੱਧ ਗਿਆ ਤੇ ਅਸਾਇਲਮ ਸਿਸਟਮ ਦੀ ਦੁਰਵਰਤੋਂ ਦੇ ਨਾਲ ਨਾਲ ਇਸ ਉੱਤੇ ਬੋਝ ਵੀ ਵਧਿਆ। ਇਸ ਦੇ ਨਾਲ ਹੀ ਜਾਇਜ਼ ਦਾਅਵੇ ਕਰਨ ਵਾਲਿਆਂ ਦੀ ਅਰਜ਼ੀਆਂ ਸਵੀਕਾਰਨ ਵਿੱਚ ਵੀ ਦੇਰ ਹੋਣ ਲੱਗੀ।

## ਸਾਫਟਵੇਅਰ ਤਿਆਰ ਕਰਨ ਲਈ ਇੱਕੋ ਫਰਮ ਨੂੰ ਫੋਰਡ ਸਰਕਾਰ ਨੇ ਦਿੱਤਾ 26 ਮਿਲੀਅਨ ਡਾਲਰ ਦਾ ਕਾਂਟਰੈਕਟ



ਓਨਟਾਰੀਓ, 28 ਫਰਵਰੀ (ਪੋਸਟ ਬਿਊਰੋ): ਫੋਰਡ ਸਰਕਾਰ ਨੇ ਡਿਜੀਟਲ ਟ੍ਰਿਬਿਊਨਲ ਸਿਸਟਮ ਕਾਇਮ ਕਰਨ ਲਈ ਸਿਰਫ ਇੱਕ ਇੰਟਰਨੈਸ਼ਨਲ ਅਕਾਊਂਟਿੰਗ ਫਰਮ ਨਾਲ ਕਰਾਰ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪਹਿਲਾਂ ਇਸ ਕੰਮ ਲਈ ਇੱਕ ਮਿਲੀਅਨ ਡਾਲਰ ਦੀ ਰਕਮ ਰੱਖੀ ਗਈ ਸੀ ਜੋ ਕਿ ਹੁਣ ਵੱਧ ਕੇ 26 ਮਿਲੀਅਨ ਡਾਲਰ ਹੋ ਗਈ ਹੈ।

ਪ੍ਰਾਈਸਵਾਟਰਹਾਊਸਕੂਪਰਜ਼ (ਪੀਡਬਲਿਊਸੀ) ਨਾਲ ਕਾਂਟਰੈਕਟ ਤਿੰਨ ਸਾਲ ਪਹਿਲਾਂ ਸਾਈਨ ਕੀਤਾ ਗਿਆ ਸੀ। ਉਸ ਸਮੇਂ ਲੈਂਡਲੌਰਡ ਟੇਨੈਂਟ ਬੋਰਡ ਲਈ ਨਵਾਂ ਡਿਜੀਟਲ ਆਨਲਾਈਨ ਟ੍ਰਿਬਿਊਨਲ ਸਿਸਟਮ ਤਿਆਰ ਤੇ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਵਾਰੀ ਵਾਰੀ ਬਦਲਦੇ ਰਹੇ ਆਰਡਰਜ਼ ਕਾਰਨ ਤੇ ਕਾਂਟਰੈਕਟ ਵਿੱਚ ਹੋਰ ਗੱਲਾਂ ਜੁੜਦੇ ਰਹਿਣ ਕਾਰਨ ਇਹ ਕਾਂਟਰੈਕਟ ਵੱਧ ਕੇ 26 ਮਿਲੀਅਨ ਡਾਲਰ ਤੱਕ ਅੱਪੜ ਗਿਆ।

ਪੀਡਬਲਿਊਸੀ ਅਸਲ ਵਿੱਚ ਇੱਕ ਅਕਾਊਂਟਿੰਗ ਫਰਮ ਹੈ ਜਿਸਦਾ ਸਾਫਟਵੇਅਰ ਤਿਆਰ ਕਰਨ ਦਾ ਇਤਿਹਾਸ ਹੈ। ਇਹ ਪੁੱਛੇ ਜਾਣ ਉੱਤੇ ਕਿ ਇਸ ਕਾਂਟਰੈਕਟ ਲਈ ਟੈਂਡਰ ਕਿਉਂ ਨਹੀਂ ਕੱਢਿਆ ਗਿਆ ਤਾਂ ਕਿ ਸਾਫਟਵੇਅਰ ਤਿਆਰ ਕਰਨ ਵਾਲੀਆਂ ਵਿਸ਼ੇਸ਼ ਕੰਪਨੀਆਂ ਵੀ ਬੋਲੀ ਲਾ ਸਕਦੀਆਂ ਤੇ ਟੈਕਸਦਾਤਾਵਾਂ ਦੇ ਪੈਸਿਆਂ ਲਈ ਸਹੀ ਡੀਲ ਹੋ ਸਕਦੀ। ਇਸ ਉੱਤੇ ਅਟਾਰਨੀ ਜਨਰਲ ਡੱਗ ਡਾਊਨੀ ਨੇ ਆਖਿਆ ਕਿ ਕਈ ਤਰ੍ਹਾਂ ਦੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਤਜ਼ਰਬੇਕਾਰ ਕੰਪਨੀ ਨਾਲ ਡੀਲ ਕੀਤੀ ਹੈ ਜਿਸ ਦੇ ਉਤਪਾਦ ਅਸਲ ਵਿੱਚ ਆਪਰੇਟ ਹੋ ਰਹੇ ਹਨ ਤੇ ਬਹੁਤ ਵਧੀਆ ਨਤੀਜੇ ਦੇ ਰਹੇ ਹਨ।

ਸੂਤਰਾਂ ਨੇ ਇਹ ਵੀ ਦੱਸਿਆ ਕਿ ਪੀਡਬਲਿਊਸੀ ਦੇ ਕੰਮ ਤੋਂ ਮੰਤਰਾਲਾ ਤੇ ਟ੍ਰਿਬਿਊਨਲ ਸਟਾਫ ਖਫਾ ਹੈ ਕਿਉਂਕਿ ਟਾਈਮਲਾਈਨਜ਼ ਤੇ ਹੋਰ ਕੰਮ ਵਿੱਚ ਵਾਰੀ ਵਾਰੀ ਦੇਰ ਹੋਣ ਨਾਲ ਪ੍ਰੋਜੈਕਟ ਦੀ ਕੀਮਤ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਕੰਮ ਦੇ ਮਿਆਰ ਬਾਰੇ ਪੁੱਛੇ ਜਾਣ ਉੱਤੇ ਮੰਤਰੀ ਡਾਊਨੀ ਨੇ ਆਖਿਆ ਕਿ ਉਹ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

## ਐਰਾਈਵਕੈਨ ਨਾਲ ਜੁੜੇ ਵਿਹਲੇ ਕਾਂਟਰੈਕਟਰਜ਼ ਤੋਂ ਫੰਡ ਵਾਪਿਸ ਲੈਣ ਲਈ ਹਾਊਸ ਵਿੱਚ ਮਤਾ ਪਾਸ




ਓਟਵਾ, 28 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਸਾਰੀਆਂ ਵਿਰੋਧੀ ਪਾਰਟੀਆਂ ਨੇ ਇੱਕਜੁੱਟ ਹੋ ਕੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਹ ਮੰਗ ਕੀਤੀ ਗਈ ਕਿ ਉਹ 100 ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਐਰਾਈਵਕੈਨ ਕਾਂਟਰੈਕਟਰਜ਼ ਤੇ ਸਬਕਾਂਟਰੈਕਟਰਜ਼ ਤੋਂ ਫੰਡ ਵਾਪਿਸ ਲੈਣ ਜਿਨ੍ਹਾਂ ਨੇ ਕੋਈ ਕੰਮ ਹੀ ਨਹੀਂ ਕੀਤਾ।

ਮੁੱਖ ਵਿਰੋਧੀ ਧਿਰ ਦੇ ਆਗੂ ਪਿਏਰ ਪੌਲੀਏਵਰ ਵੱਲੋਂ ਲਿਆਂਦਾ ਇਹ ਮਤਾ 149 ਦੇ ਮੁਕਾਬਲੇ 170 ਵੋਟਾਂ ਨਾਲ ਪਾਸ ਹੋਇਆ। ਸਿਰਫ ਲਿਬਰਲਾਂ ਵੱਲੋਂ ਇਸ ਮਤੇ ਖਿਲਾਫ ਵੋਟ ਪਾਈ ਗਈ। ਇਸ ਮਤੇ ਵਿੱਚ ਇਹ ਮੰਗ ਵੀ ਕੀਤੀ ਗਈ ਕਿ ਫੈਡਰਲ ਸਰਕਾਰ 18 ਮਾਰਚ ਤੱਕ ਐਰਾਈਵਕੈਨ ਨਾਲ ਸਬੰਧਤ ਸਿੱਧੀ ਜਾਂ ਇਸ ਨਾਲ ਜੁੜੀ ਹੋਈ ਕਿਸੇ ਵੀ ਤਰ੍ਹਾਂ ਦੀ ਲਾਗਤ ਵਾਲੀ ਰਿਪੋਰਟ ਪੇਸ਼ ਕਰੇ।

ਅਸਲ ਵਿੱਚ ਵਿਰੋਧੀ ਪਾਰਟੀਆਂ ਇਹ ਵੇਖਣਾ ਚਾਹੁੰਦੀਆਂ ਹਨ ਕਿ ਇਸ ਐਪ ਉੱਤੇ ਕੰਮ ਕਰਨ ਵਾਲੇ ਪਬਲਿਕ ਸਰਵੈਂਟਸ ਨੂੰ ਕਿਸੇ ਕਿਸਮ ਦੇ ਬੋਨਸ ਤਾਂ ਨਹੀਂ ਦਿੱਤੇ ਗਏ, ਇਸ ਉੱਤੇ ਕੋਈ ਕਾਨੂੰਨੀ ਜਾਂ ਖੋਜ ਸਬੰਧੀ ਕੋਈ ਹੋਰ ਲਾਗਤ ਤਾਂ ਨਹੀਂ ਆਈ ਜਾਂ ਫਿਰ ਪਬਲਿਕ ਰਿਲੇਸ਼ਨਜ਼ ਸਬੰਧੀ ਕੋਈ ਖਰਚੇ ਤਾਂ ਨਹੀਂ ਹੋਏ।

## ਕੈਨੇਡਾ ਵਿਚ ਪਾਕਿਸਤਾਨ ਦੀ ਏਅਰ ਹੋਸਟੈੱਸ ਲਾਪਤਾ, ਕੈਨੇਡਾ ਵਿਚ ਸ਼ਰਨ ਲੈਣ ਦਾ ਸ਼ੱਕ




ਇਸਲਾਮਾਬਾਦ, 28 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਦੀ ਸਰਕਾਰੀ ਏਅਰਲਾਈਨ ਕੰਪਨੀ 'ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼' (ਪੀਆਈਏ) ਦੀ ਇੱਕ ਹੋਰ ਏਅਰ ਹੋਸਟੈੱਸ ਕੈਨੇਡਾ ਵਿਚ ਲਾਪਤਾ ਹੋ ਗਈ ਹੈ। ਇਸ ਦਾ ਨਾਂ ਮਰੀਅਮ ਰਜ਼ਾ ਹੈ। ਸੂਤਰਾਂ ਦੇ ਹਵਾਲੇ ਤੋਂ ਦੱਸਿਆ ਕਿ ਮਰੀਅਮ ਸੋਮਵਾਰ ਨੂੰ ਆਪਣੇ ਹੋਟਲ ਤੋਂ ਲਾਪਤਾ ਹੋ ਗਈ ਸੀ। ਉਸ ਦੀ ਵਰਦੀ ਉਸ ਦੇ ਕਮਰੇ ਵਿਚੋਂ ਮਿਲੀ। ਇਸ 'ਤੇ ਲਿਖਿਆ ਸੀ- ਥੈਂਕ ਯੂ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼।

ਪੀਆਈਏ ਦੇ ਸੂਤਰਾਂ ਅਨੁਸਾਰ ਇਸ ਤੋਂ ਪਹਿਲਾਂ ਵੀ ਕਈ ਕਰੂ ਮੈਂਬਰ, ਪਾਇਲਟ ਜਾਂ ਏਅਰ ਹੋਸਟੈਸ ਇਸੇ ਤਰ੍ਹਾਂ ਲਾਪਤਾ ਹੋ ਚੁੱਕੇ ਹਨ। ਮੰਨਿਆ ਜਾ ਰਿਹਾ ਹੈ ਕਿ ਹੋਰ ਲੋਕਾਂ ਵਾਂਗ ਮਰੀਅਮ ਨੇ ਵੀ ਕੈਨੇਡਾ ਦੀ ਨਾਗਰਿਕਤਾ ਹਾਸਿਲ ਕਰਨ ਲਈ ਇਹ ਰਾਹ ਅਪਣਾਇਆ ਹੈ।

## ਪੈਲੇਟ ਗੰਨ ਨਾਲ ਮਹਿਲਾ ਦੇ ਮੂੰਹ ਉੱਤੇ ਹਮਲਾ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ



ਸਕਾਰਬਰੋ, 28 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਇੱਕ 76 ਸਾਲਾ ਮਹਿਲਾ ਦੇ ਮੂੰਹ ਉੱਤੇ ਪੈਲੇਟ ਗੰਨ ਨਾਲ ਹਮਲਾ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਭਾਲ ਕਰ ਰਹੀ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਹ ਮਹਿਲਾ ਸਕਾਰਬਰੋ ਵਿੱਚ ਮੈਕਲੈਵਿਨ ਐਵਨਿਊ ਨੇੜੇ ਹਪਫੀਲਡ ਟਰੇਲ ਦੇ ਨਾਲ ਨਾਲ ਸਵੇਰੇ 11:36 ਵਜੇ ਦੇ ਨੇੜੇ ਤੇੜੇ ਸੈਰ ਕਰ ਰਹੀ ਸੀ ਜਦੋਂ ਕਿਸੇ ਵਿਅਕਤੀ ਨੇ ਪਿਛਲੇ ਪਾਸਿਓਂ ਆ ਕੇ ਉਸ ਮਹਿਲਾ ਉੱਤੇ ਹਮਲਾ ਕਰ ਦਿੱਤਾ। ਮਸ਼ਕੂਕ ਪਹਿਲਾਂ ਮਹਿਲਾ ਕੋਲੋਂ ਲੰਘਿਆ ਤੇ ਫਿਰ ਉਸ ਨੇ ਕਥਿਤ ਤੌਰ ਉੱਤੇ ਪੈਲੇਟ ਗੰਨ ਨਾਲ ਮਹਿਲਾ ਦੇ ਮੂੰਹ ਉੱਤੇ ਕਈ ਸ਼ੌਟ ਮਾਰੇ ਤੇ ਫਿਰ ਉੱਥੋਂ ਪੈਦਲ ਹੀ ਫਰਾਰ ਹੋ ਗਿਆ।

ਮਹਿਲਾ ਦੇ ਮੂੰਹ ਤੇ ਹੱਥਾਂ ਉੱਤੇ ਕਈ ਜ਼ਖਮ ਹੋ ਗਏ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਆਖਰੀ ਵਾਰੀ ਗੋਡਿਆਂ ਤੋਂ ਨੀਵੀਂ ਗ੍ਰੇਅ ਰੰਗ ਦੀ ਜੈਕੇਟ, ਕਾਲੀ ਪੈਂਟ, ਕਾਲੇ ਰੰਗ ਦੇ ਹੋਰ ਕੱਪੜਿਆਂ ਵਿੱਚ ਵੇਖਿਆ ਗਿਆ। ਉਸ ਨੇ ਆਪਣਾ ਮੂੰਹ ਤੇ ਸਿਰ ਵੀ ਢਕਿਆ ਹੋਇਆ ਸੀ।

## ਹਾਦਸੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਨੂੰ ਗੱਡੀ ਨੇ ਮਾਰੀ ਟੱਕਰ, ਜ਼ਖ਼ਮੀ



ਬਰੈਂਪਟਨ, 28 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਬਰੈਂਪਟਨ ਵਿੱਚ ਇੱਕ ਕਾਰ ਹਾਦਸੇ ਦੀ ਜਾਂਚ ਕਰਦੇ ਸਮੇਂ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਪੀਲ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਹਾਦਸਾ ਬੋਵੇਅਰਡ ਡਰਾਈਵ ਵੈਸਟ ਦੇ ਦੱਖਣ ਵੱਲ ਚਿੰਗੁਆਕਸੀ ਰੋਡ ਉੱਤੇ ਰਾਤੀਂ 8:15 ਵਜੇ ਦੇ ਨੇੜੇ ਤੇੜੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦਾ ਇੱਕ ਅਧਿਕਾਰੀ ਦੱਖਣ ਵਾਲੀਆਂ ਲੇਨਜ਼ ਵਿੱਚ ਇੱਕ ਵੱਖਰੇ ਹਾਦਸੇ ਦੀ ਜਾਂਚ ਕਰ ਰਿਹਾ ਸੀ ਜਦੋਂ ਕੋਲੋਂ ਲੰਘਦੀ ਇੱਕ ਗੱਡੀ ਵੱਲੋਂ ਉਸ ਨੂੰ ਟੱਕਰ ਮਾਰ ਦਿੱਤੀ ਗਈ। ਪੁਲਿਸ ਅਧਿਕਾਰੀ ਦੇ ਸਿਰ ਵਿੱਚ ਸੱਟ ਲੱਗੀ ਜਦਕਿ ਗੱਡੀ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਪੁਲਿਸ ਅਧਿਕਾਰੀ ਦੇ ਕੁੱਝ ਦਿਨਾਂ ਲਈ ਹਸਪਤਾਲ ਵਿੱਚ ਹੀ ਜ਼ੇਰੇ ਇਲਾਜ ਰਹਿਣ ਦੀ ਸੰਭਾਵਨਾ ਹੈ।

ਹਾਲ ਦੀ ਘੜੀ ਕਿਸੇ ਉੱਤੇ ਇਸ ਸਬੰਧ ਵਿੱਚ ਕੋਈ ਚਾਰਜਿਜ਼ ਨਹੀਂ ਲਾਏ ਗਏ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


SUPER VISA INSURANCE EXPERTS
Punjab Insurance Inc
RANJIT GILL
Insurance Advisor
Ph: 416.724.5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਫੀਮੇਲ ਇੰਸਟ੍ਰਕਟਰ
647-998-7500 ਬਲਵਿੰਦਰ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਰਾਜ ਸਭਾ ਦੀ ਚੋਣ ਆ ਜੜ੍ਹੀਂ ਬਹਿ ਗਈ,
ਕਾਂਗਰਸ ਪਾਰਟੀ ਨਾਲ ਬੁਰੀ ਹੋਈ ਬੇਲੀ।
ਭਾਜਪਾ ਨਾਲ ਭੁਗਤੇ ਲੀਡਰ ਕਾਂਗਰਸੀਏ,
ਜਿੱਤ ਰਹੀ ਪਾਰਟੀ ਆਖਰ ਡੁਬੋਈ ਬੇਲੀ।
ਖੇਡੀ ਖੇਡ ਕੁਝ ਕੇਂਦਰ ਤੋਂ ਭਾਜਪਾਈਆਂ,
ਹੁੰਦਾ ਹੇਠ ਉਹੀ, ਚਾਹੁਣ ਜੋ ਸੋਈ ਬੇਲੀ।
ਦਲਬਦਲੀ ਦੇ ਜਿੰਦਾਂ ਪਏ ਸ਼ੇਅਰ ਚੜ੍ਹਦੇ,
ਸ਼ਰਮ ਦੀ ਜਾਪਦੀਲੱਥੀ ਆ ਲੋਈ ਬੇਲੀ।
ਕਰਦਾ ਸੁਣਿਆ ਵਿਕਾਸ ਆ ਲੋਕਤੰਤਰ,
ਦੁਨੀਆ ਵਿੰਹਦੀ ਤੇ ਹੁੰਦੀ ਹੈਰਾਨ ਬੇਲੀ।
ਸੋਚਦੀ ਚੱਲਦਾ ਦੇਸ਼ ਇਹ ਪਿਆ ਕਿੱਦਾਂ,
ਸੌਂਦੇ ਈ ਭੁੱਖੇ ਤੇ ਉੱਤੇ ਅਸਮਾਨ ਬੇਲੀ।

**ਤੀਸ ਮਾਰ ਖਾਂ**

# ਯੂ.ਕੇ. ਦੀ ਸੰਸਦ ਮੈਂਬਰ ਦਾ ਦਾਅਵਾ: ਕਿਹਾ, ਕਈ ਬ੍ਰਿਟਿਸ਼-ਸਿੱਖ ਭਾਰਤੀ ਏਜੰਟਾਂ ਦੀ ਹਿੱਟ ਲਿਸਟ ’ਚ

ਲੰਡਨ, 28 ਫਰਵਰੀ (ਪੋਸਟ ਬਿਊਰੋ): ਬ੍ਰਿਟਿਸ਼ ਸਿੱਖ ਐੱਮ.ਪੀ. ਪ੍ਰੀਤ ਕੌਰ ਗਿੱਲ ਦਾ ਕਹਿਣਾ ਹੈ ਕਿ ਭਾਰਤੀ ਏਜੰਟ ਬਰਤਾਨੀਆ ਵਿਚ ਰਹਿੰਦੇ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਪ੍ਰੀਤ ਕੌਰ ਗਿੱਲ ਨੇ ਬਰਤਾਨਵੀ ਪਾਰਲੀਮੈਂਟ ਦੇ ਹੇਠਲੇ ਸਦਨ (ਹਾਊਸ ਆਫ਼ ਕਾਮਨਜ਼) ਵਿਚ ਸਿੱਖਾਂ ਉੱਤੇ ਹੋ ਰਹੇ ਜ਼ੁਲਮਾਂ ਦਾ ਮੁੱਦਾ ਉਠਾਇਆ। ਉਨ੍ਹਾਂ ਦਾਅਵਾ ਕੀਤਾ ਕਿ ਬਰਤਾਨੀਆ ਵਿਚ ਰਹਿੰਦੇ ਸਿੱਖ ਭਾਰਤ ਨਾਲ ਜੁੜੇ ਏਜੰਟਾਂ ਦੀ ਹਿੱਟ ਲਿਸਟ ਵਿਚ ਹਨ।

ਗਿੱਲ ਨੇ ਵਿਦੇਸ਼ਾਂ ਵਿਚ ਸਿੱਖਾਂ ਵਿਰੁੱਧ ਕਥਿਤ ਤੌਰ ’ਤੇ ਕਤਲ ਦੀਆਂ ਸਾਜ਼ਿਸ਼ਾਂ ਦਾ ਹਵਾਲਾ ਦਿੱਤਾ। ਇਹ ਵੀ ਪੁੱਛਿਆ ਕਿ ਬ੍ਰਿਟਿਸ਼ ਸਰਕਾਰ ਬ੍ਰਿਟਿਸ਼ ਸਿੱਖਾਂ ਦੀ ਸੁਰੱਖਿਆ ਲਈ ਕੀ ਕਰ ਰਹੀ ਹੈ।

### ਕਿਹਾ, ਭਾਰਤੀ ਏਜੰਟਸ ਸਿੱਖਾਂ ਨੂੰ ਬਣਾ ਰਹੇ ਨਿਸ਼ਾਨਾ

ਉਨ੍ਹਾਂ ਕਿਹਾ ਕਿ ਹਾਲ ਹੀ ਦੇ ਮਹੀਨਿਆਂ ਵਿਚ, ਫਾਈਵ ਆਈਜ਼ ਦੇਸ਼ਾਂ (ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ, ਅਮਰੀਕਾ ਅਤੇ ਯੂ.ਕੇ. ਦੇ ਖੁਫੀਆ ਗਠਜੋੜ) ਨੇ ਭਾਰਤ ਨਾਲ ਜੁੜੇ ਏਜੰਟਾਂ ਵੱਲੋਂ ਯੂਨਾਈਟਿਡ ਕਿੰਗਡਮ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦੀ ਕਾਰਵਾਈ 'ਤੇ ਚਿੰਤਾ ਪ੍ਰਗਟਾਈ ਹੈ। ਅਮਰੀਕਾ ਅਤੇ ਕੈਨੇਡਾ ਅਜਿਹੇ ਮਾਮਲਿਆਂ ਨੂੰ ਆਪਣੀ ਪ੍ਰਭੂਸੱਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਚੁਣੌਤੀ ਮੰਨਦੇ ਹਨ ਅਤੇ ਇਸ ਨੂੰ ਜਨਤਕ ਕਰ ਚੁੱਕੇ ਹਨ।



ਬਰਤਾਨਵੀ ਸਿੱਖਾਂ ਨੂੰ ਇਸੇ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ, ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕ ਰਹੀ ਹੈ?

ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਦੇ ਸਵਾਲ ਦੇ ਜਵਾਬ ਵਿਚ ਰੱਖਿਆ ਮੰਤਰੀ ਟੌਮ ਤੁਗੇਨਧਾਤ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਦੇਸ਼ੀ ਤੋਂ ਕਿਸੇ ਵੀ ਬ੍ਰਿਟਿਸ਼ ਨਾਗਰਿਕ ਨੂੰ ਕੋਈ ਖਤਰਾ ਹੈ ਤਾਂ ਅਸੀਂ ਤੁਰੰਤ ਕਾਰਵਾਈ ਕਰਾਂਗੇ। ਸਿੱਖ ਭਾਈਚਾਰੇ ਨੂੰ ਹਰ ਹੋਰ ਭਾਈਚਾਰੇ ਵਾਂਗ ਬਰਤਾਨੀਆ ਵਿਚ ਸੁਰੱਖਿਅਤ ਰਹਿਣ ਦਾ ਹੱਕ ਹੈ। ਸਾਰੇ ਬ੍ਰਿਟਿਸ਼ ਨਾਗਰਿਕ ਬਰਾਬਰ ਹਨ।

# ਦਿੱਲੀ ਵਿਚ ਭਾਜਪਾ ਵਰਕਰ ਵਰਸ਼ਾ ਪੰਵਾਰ ਦਾ ਕਤਲ



ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ): ਉੱਤਰੀ ਦਿੱਲੀ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਦਿੱਲੀ ਦੇ ਨਰੇਲਾ ਵਿਚ ਇੱਕ ਲੜਕੀ ਦਾ ਕਤਲ ਕਰ ਦਿੱਤਾ ਗਿਆ ਹੈ। ਲੜਕੀ ਨੂੰ ਉਸ ਦੇ ਦਫਤਰ ਵਿਚ ਮਾਰਿਆ ਗਿਆ ਹੈ। ਮ੍ਰਿਤਕ ਲੜਕੀ ਦੀ ਪਹਿਚਾਣ ਵਰਸ਼ਾ ਪੰਵਾਰ ਵਜੋਂ ਹੋਈ ਹੈ। ਉਹ ਭਾਜਪਾ ਦੀ ਵਰਕਰ ਸੀ। ਪੁਲਿਸ ਕਤਲ ਦਾ ਕਾਰਨ ਪ੍ਰੇਮ ਸਬੰਧਾਂ ਨੂੰ ਮੰਨ ਰਹੀ ਹੈ। ਅਚਾਨਕ ਇਹ ਖਬਰ ਵੀ ਸਾਹਮਣੇ ਆਈ ਕਿ ਵਰਸ਼ਾ ਦੇ ਕਤਲ ਦੇ ਦੋਸ਼ੀ ਅਤੇ ਵਰਸ਼ਾ ਦੇ ਦੋਸਤ ਨੇ ਖੁਦਕੁਸ਼ੀ ਕਰ ਲਈ ਹੈ। ਦੋਸ਼ੀ ਸੋਹਨ ਲਾਲਨ ਨੇ ਸੋਨੀਪਤ ਦੇ ਰੇਲਵੇ ਟਰੈਕ 'ਤੇ ਖੁਦਕੁਸ਼ੀ ਕਰ ਲਈ। ਵਰਸ਼ਾ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੇ ਪਿਤਾ ਨੇ ਗੁੰਮਸ਼ੁਦਗੀ ਦੀ ਰਿਪੋਰਟ ਵੀ ਦਰਜ ਕਰਵਾਈ ਸੀ। ਪੁਲਿਸ ਮਾਮਲੇ ਦੀ ਜਾਂਚ ਵਿੱਚ ਜੁੱਟ ਗਈ ਹੈ।

# ਐੱਨਸੀਬੀ ਅਤੇ ਭਾਰਤੀ ਜਲ ਫੌਜ ਵੱਲੋਂ ਸਾਂਝੀ ਕਾਰਵਾਰੀ ਦੌਰਾਨ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ, ਪੰਜ ਕਾਬੂ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ): ਗੁਜਰਾਤ ਦੇ ਅੱਤਵਾਦ ਵਿਰੋਧੀ ਦਸਤੇ ਨੇ ਭਾਰਤੀ ਜਲ ਫੌਜ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਨਾਲ ਮੰਗਲਵਾਰ ਨੂੰ ਅਰਬ ਸਾਗਰ ਵਿੱਚ ਅੰਤਰਰਾਸ਼ਟਰੀ ਸਮੁੰਦਰੀ ਸੀਮਾ ਰੇਖਾ ਦੇ ਨਾਲ ਇੱਕ ਸੰਯੁਕਤ ਆਪ੍ਰੇਸ਼ਨ ਕੀਤਾ। ਇਸ ਦੌਰਾਨ ਇੱਕ ਈਰਾਨੀ ਕਿਸ਼ਤੀ ਨੂੰ ਰੋਕਿਆ ਗਿਆ ਅਤੇ ਉਸ ਦੇ ਚਾਲਕ ਦਲ ਦੇ ਪੰਜ ਮੈਂਬਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਹ ਸਾਰੇ ਈਰਾਨ ਅਤੇ ਪਾਕਿਸਤਾਨ ਦੇ ਹੋ ਸਕਦੇ ਹਨ। ਇਨ੍ਹਾਂ ਕੋਲੋਂ ਹਜ਼ਾਰਾਂ ਕਰੋੜ ਰੁਪਏ ਦੀ 3300 ਕਿੱਲੋ ਤੋਂ ਵੱਧ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੀ ਹੈ



ਏਜੰਸੀ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਐੱਨਸੀਬੀ ਅਤੇ ਹੋਰ ਏਜੰਸੀਆਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਹੋਰ ਅੰਤਰਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਦੇਸ਼ ਵਿਚ ਸਮੁੰਦਰ ’ਚ ਹੁਣ ਤੱਕ ਦੀ ਸਭ ਤੋਂ ਵੱਡੀ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੀ ਹੈ। ਐੱਨ.ਸੀ.ਬੀ. ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉਸ ਕੋਲੋਂ ਕੋਈ ਵੀ ਕੌਮੀਅਤ ਦਸਤਾਵੇਜ਼ ਬਰਾਮਦ ਨਹੀਂ ਹੋਇਆ ਹੈ।

# ਪਾਕਿਸਤਾਨ ਵਿਚ ਬੱਸ ਖਾਈ ਵਿਚ ਡਿੱਗੀ, 10 ਮੌਤਾਂ

ਇਸਲਾਮਾਬਾਦ , 28 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਵਿਚ ਤੇਜ਼ ਰਫ਼ਤਾਰ ਦੇ ਕਹਿਰ ਨੇ ਕਈ ਲੋਕਾਂ ਦੀ ਜਾਨ ਲੈ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਰਾਤ ਦੇ ਹਨੇਰੇ 'ਚ ਪਹਾੜੀਆਂ ਤੋਂ ਲੰਘ ਰਹੀ ਇਕ ਬੱਸ ਤੇਜ਼ ਰਫਤਾਰ ਨਾਲ ਜਾ ਰਹੀ ਸੀ। ਅਚਾਨਕ ਇੱਕ ਮੋੜ 'ਤੇ ਬੱਸ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ। ਇਸ ਤੋਂ ਬਾਅਦ ਬੱਸ ਪਲਟ ਗਈ ਅਤੇ ਸਿੱਧੀ ਖਾਈ ਵਿੱਚ ਜਾ ਡਿੱਗੀ। ਜਿਵੇਂ ਹੀ ਬੱਸ ਬੇਕਾਬੂ ਹੋ ਗਈ ਤਾਂ ਉਸ ਵਿੱਚ ਬੈਠੇ ਲੋਕਾਂ ਵਿੱਚ ਹੜਕੰਪ ਮੱਚ ਗਿਆ। ਜਦੋਂ ਤੱਕ ਕੁਝ ਲੋਕ ਸਮਝ ਸਕਦੇ ਸਨ, ਉਦੋਂ ਤੱਕ ਕਈ ਲੋਕਾਂ ਦੀ ਜਾਨ ਜਾ ਚੁੱਕੀ ਸੀ। ਹੋਰ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਰਾਤ ਸਮੇਂ ਵਾਪਰੇ ਹਾਦਸੇ ਕਾਰਨ ਲੋਕਾਂ ਨੂੰ ਮਦਦ ਲਈ ਪਹੁੰਚਣ ਵਿਚ ਦੇਰੀ ਹੋਈ। ਕਿਸੇ ਤਰ੍ਹਾਂ ਸਥਾਨਕ ਲੋਕਾਂ ਦੀ ਮੱਦਦ ਨਾਲ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਕਈ ਜ਼ਖਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।



ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਉੱਤਰ-ਪੱਛਮੀ ਪਾਕਿਸਤਾਨ ਦੇ ਖੈਬਰ ਪਖਤੂਨਖਵਾ 'ਚ ਮੰਗਲਵਾਰ ਦੇਰ ਰਾਤ ਵਾਪਰਿਆ। ਤੇਜ਼ ਰਫਤਾਰ ਬੱਸ ਦੇ ਖਾਈ 'ਚ ਡਿੱਗਣ ਕਾਰਨ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ 15 ਹੋਰ ਜ਼ਖਮੀ ਹੋ ਗਏ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਬੱਸ ਹਰੀਪੁਰ ਜ਼ਿਲ੍ਹੇ ਦੇ ਖਾਨਪੁਰ ਤੋਂ ਪਹਾੜੀ ਪਿੰਡ ਵੱਲ ਜਾ ਰਹੀ ਸੀ ਜਦੋਂ ਤਰਨਾਵਾ ਵਿਖੇ ਹਾਦਸਾਗ੍ਰਸਤ ਹੋ ਗਈ। ਪੁਲਸ ਨੇ ਦੱਸਿਆ ਕਿ ਤੇਜ਼ ਰਫਤਾਰ ਕਾਰਨ ਇਕ ਮੋੜ 'ਤੇ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ ਅਤੇ ਬੱਸ ਡੂੰਘੀ ਖੱਡ 'ਚ ਜਾ ਡਿੱਗੀ। ਮਰਨ ਵਾਲਿਆਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸ਼ਾਮਲ ਹਨ।




# ਫੌਜ ਦਾ ਅਪਮਾਨ ਕਰਨ ਦੇ ਦੋਸ਼ ਵਿਚ ਨੋਬਲ ਪੁਰਸਕਾਰ ਜਿੱਤਣ ਵਾਲੇ ਰੂਸੀ ਸੰਗਠਨ ਦੇ ਚੇਅਰਮੈਨ ਨੂੰ ਸਜ਼ਾ

ਮਾਸਕੋ, 28 ਫਰਵਰੀ (ਪੋਸਟ ਬਿਊਰੋ): ਰੂਸ ਨੇ ਐਕਟੀਵਿਸਟ ਓਲੇਗ ਓਰਲੋਵ ਨੂੰ ਢਾਈ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਰੂਸੀ ਫੌਜ ਦਾ ਅਪਮਾਨ ਕਰਨ ਅਤੇ ਰੂਸ-ਯੂਕਰੇਨ ਯੁਧ ਦੀ ਆਲੋਚਨਾ ਕਰਨ ਦਾ ਦੋਸ਼ ਸੀ। ਉਨ੍ਹਾਂ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਜੰਗ ਰਾਹੀਂ ਰੂਸ ਨੂੰ ਫਾਸੀਵਾਦ ਵੱਲ ਲਿਜਾਅ ਰਹੇ ਹਨ।

ਓਲੇਗ ਓਰਲੋਵ ਮੈਮੋਰੀਅਲ ਸੰਸਥਾ ਦੇ ਚੇਅਰਮੈਨ ਹਨ। ਇਸ ਸੰਸਥਾ ਨੂੰ 2022 ਵਿਚ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ। ਮੈਮੋਰੀਅਲ ਨੇ ਇਹ ਇਨਾਮ ਯੂਕਰੇਨ ਦੇ ਆਰਗੇਨਾਈਜ਼ੇਸ਼ਨ ਸੈਂਟਰ ਫਾਰ ਸਿਵਲ ਲਿਬਰਟੀਜ਼ ਨਾਲ ਸਾਂਝਾ ਕੀਤਾ। ਅਦਾਲਤ ਦੇ ਫੈਸਲੇ ਤੋਂ ਬਾਅਦ, ਓਲੇਗ ਨੂੰ ਹੱਥਕੜੀ ਲਗਾ ਕੇ ਜੇਲ੍ਹ ਲਿਜਾਇਆ ਗਿਆ।



ਓਲੇਗ ਨੇ ਇੱਕ ਲੇਖ ਲਿਖਿਆ ਸੀ। ਇਸ ਲੇਖ ਦਾ ਸਿਰਲੇਖ ਸੀ- 'ਉਹ ਫਾਸ਼ੀਵਾਦ ਚਾਹੁੰਦੇ ਹਨ' ਇਹ ਉਨ੍ਹਾਂ ਨੂੰ ਮਿਲ ਰਿਹਾ ਹੈ। ਸਜ਼ਾ ਸੁਣਾਏ ਜਾਣ ਤੋਂ ਬਾਅਦ ਓਲੇਗ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਨੇ ਦਿਖਾਇਆ ਹੋਵੇਗਾ ਕਿ ਮੇਰਾ ਲੇਖ ਸਟੀਕ ਅਤੇ ਸੱਚਾ ਸੀ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**









# ਯੂਰਪੀਅਨ ਯੂਨੀਅਨ ਦੀਆਂ ਖੇਤੀ ਨੀਤੀਆਂ ਤੋਂ ਨਾਰਾਜ਼ ਕਿਸਾਨ: ਯੂਕਰੇਨ ਤੋਂ ਇੰਪੋਰਟ ਖਿਲਾਫ ਕਰ ਰਹੇ ਪ੍ਰਦਰਸ਼ਨ



ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ): ਇਸ ਸਮੇਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ 'ਚ ਕਿਸਾਨ ਸਰਕਾਰਾਂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਭਾਰਤ ਤੋਂ ਇਲਾਵਾ ਸਪੇਨ, ਬੈਲਜੀਅਮ ਤੋਂ ਲੈ ਕੇ ਪੋਲੈਂਡ ਅਤੇ ਫਰਾਂਸ ਵਰਗੇ ਦੇਸ਼ਾਂ ਦੇ ਕਿਸਾਨ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਬੈਲਜੀਅਮ ਵਿਚ, ਟਰੈਕਟਰਾਂ 'ਤੇ ਸਵਾਰ ਸੈਂਕੜੇ ਕਿਸਾਨ ਬਿਹਤਰ ਭੁਗਤਾਨ ਅਤੇ ਕੰਮਕਾਜੀ ਹਾਲਤਾਂ ਵਿਚ ਸੁਧਾਰ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਇਸ ਦੇ ਨਾਲ ਹੀ ਯੂਰਪੀਅਨ ਯੂਨੀਅਨ ਦੇ ਸਭ ਤੋਂ ਵੱਡੇ ਖੇਤੀ ਉਤਪਾਦਕ ਫਰਾਂਸ ਦੇ ਕਿਸਾਨ ਵੀ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੋੜੀਂਦੇ ਪੈਸੇ ਨਹੀਂ ਮਿਲ ਰਹੇ। ਵਾਤਾਵਰਨ ਸੁਰੱਖਿਆ ਸਬੰਧੀ ਬੇਹੱਦ ਸਖ਼ਤ ਨਿਯਮਾਂ ਨੇ ਉਨ੍ਹਾਂ ਲਈ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਯੂਰਪੀਅਨ ਯੂਨੀਅਨ ਅਤੇ ਸਥਾਨਕ ਖੇਤੀ ਨੀਤੀਆਂ ਦੇ ਵਿਰੋਧ ਵਿਚ ਵੱਡੀ ਗਿਣਤੀ ਵਿੱਚ ਸਪੇਨ ਦੇ ਕਿਸਾਨ ਵੀ ਸੜਕਾਂ 'ਤੇ ਉਤਰ ਰਹੇ ਹਨ। ਕੇਂਦਰੀ ਮੈਡਰਿਡ ਵਿਚ ਸੈਂਕੜੇ ਟਰੈਕਟਰਾਂ ਨੇ ਰੈਲੀ ਕੀਤੀ। ਇਸ ਦੇ ਨਾਲ ਹੀ, ਪੋਲਿਸ਼ ਕਿਸਾਨ ਯੂਕਰੇਨ ਤੋਂ ਸਸਤੇ ਭੋਜਨ ਇੰਪੋਰਟ ਦੇ ਮਾੜੇ ਪ੍ਰਭਾਵਾਂ ਬਾਰੇ ਆਪਣੀ ਆਵਾਜ਼ ਚੁੱਕ ਰਹੇ ਹਨ।

# ਬਿੱਲ ਦਾ ਭੁਗਤਾਨ ਕਰਨ ਬਦਲੇ 15 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਈਐੱਸਆਈ ਕਲਰਕ ਕਾਬੂ



ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਈ.ਐਸ.ਆਈ. ਡਿਸਪੈਂਸਰੀ ਢੰਡਾਰੀ ਕਲਾਂ, ਲੁਧਿਆਣਾ ਵਿੱਚ ਤਾਇਨਾਤ ਕਲਰਕ ਰਵਿੰਦਰ ਸਿੰਘ ਨੂੰ 15,000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਰਾਜਵੰਤ ਸਿੰਘ ਵਾਸੀ ਪਿੰਡ ਚਣਕੋਈਆਂ ਜ਼ਿਲ੍ਹਾ ਲੁਧਿਆਣਾ, ਜੋ ਕਿ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਦੋਰਾਹਾ ਵਿਖੇ ਚਪੜਾਸੀ ਵਜੋਂ ਨੌਕਰੀ ਕਰਦਾ ਹੈ, ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਕਾਬੂ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਆਪਣੇ ਬਿਆਨਾਂ ਵਿੱਚ ਦਰਜ ਕਰਵਾਇਆ ਹੈ ਕਿ ਉਸਨੇ ਡੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਆਪਣਾ ਇਲਾਜ ਕਰਵਾਇਆ ਸੀ ਅਤੇ ਈ.ਐਸ.ਆਈ. ਸਕੀਮ ਅਧੀਨ ਮੁਫ਼ਤ ਇਲਾਜ ਦਾ ਲਾਭਪਾਤਰੀ ਹੋਣ ਕਰਕੇ ਉਸਦੇ 4,78,136 ਰੁਪਏ ਦੇ ਬਿੱਲ ਈ.ਐਸ.ਆਈ. ਡਿਸਪੈਂਸਰੀ ਵਿੱਚ ਭੁਗਤਾਨ ਲਈ ਬਕਾਇਆ ਪਏ ਹਨ।

ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਸਬੰਧਤ ਡੀਲਿੰਗ ਕਲਰਕ ਰਵਿੰਦਰ ਸਿੰਘ ਨੇ ਉਸਦੇ ਬਿੱਲ ਦਾ ਭੁਗਤਾਨ ਕਰਨ ਬਦਲੇ ਰਿਸ਼ਵਤ ਵਜੋਂ 30,000 ਰੁਪਏ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਰਿਸ਼ਵਤ ਨਾ ਦੇਣ ਦੀ ਸੂਰਤ ਵਿੱਚ ਕੁੱਲ ਰਕਮ ਵਿੱਚੋਂ ਸਿਰਫ 1,25,000 ਰੁਪਏ ਦੇ ਬਿੱਲ ਹੀ ਪਾਸ ਕੀਤੇ ਜਾਣਗੇ। ਮੁਲਜ਼ਮ ਕਲਰਕ ਨੇ ਸ਼ਿਕਾਇਤਕਰਤਾ ਨੂੰ ਰਿਸ਼ਵਤ ਦੋ ਕਿਸ਼ਤਾਂ ਵਿੱਚ ਦੇਣ ਲਈ ਕਿਹਾ ਜਿਸ ਵਿੱਚ 20,000 ਰੁਪਏ ਪੇਸ਼ਗੀ ਅਤੇ ਬਾਕੀ 10,000 ਰੁਪਏ ਬਾਅਦ ਵਿੱਚ ਦੇਣ ਲਈ ਕਿਹਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਰਵਿੰਦਰ ਸਿੰਘ ਕਲਰਕ ਨੇ ਸ਼ਿਕਾਇਤਕਰਤਾ ਨੂੰ ਇਹ ਵੀ ਕਿਹਾ ਕਿ ਉਸ ਨੇ ਰਿਸ਼ਵਤ ਦੀ ਰਕਮ ਚੰਡੀਗੜ੍ਹ ਵਿਖੇ ਤਾਇਨਾਤ ਸਬੰਧਤ ਅਧਿਕਾਰੀ ਨਾਲ ਵੀ ਸਾਂਝੀ ਕਰਨੀ ਹੈ। ਸ਼ਿਕਾਇਤਕਰਤਾ ਨੇ ਮੁਲਜ਼ਮ ਨਾਲ ਹੋਈ ਗੱਲਬਾਤ ਦੀ ਰਿਕਾਰਡਿੰਗ ਆਪਣੇ ਫ਼ੋਨ ਵਿੱਚ ਕਰ ਲਈ ਅਤੇ ਵਿਜੀਲੈਂਸ ਬਿਊਰੋ ਨੂੰ ਸਬੂਤ ਵਜੋਂ ਸੌਂਪ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਪਾਸੋਂ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 15,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਜਾਂਚ ਦੌਰਾਨ ਹੋਰ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.






## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013





Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**


## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664




# ਗ਼ਰੀਬ ਕਿਸਾਨ ਦੇ ਮਸਲੇ ਤੇ ਸਰਕਾਰ ਦੇ ਬਣਾਏ ਟੋਏ



ਗੌਰਵ ਧੀਮਾਨ
7626818016

ਸਾਨੂੰ ਆਜਾਦੀ ਕਿਸ ਕੌਮ ਨੇ ਦਿੱਤੀ...ਇਸ ਬਾਰੇ ਸਭ ਜਾਣਦੇ ਹਨ ਪਰ ਕੀ ਅਸੀ ਇਹ ਨਹੀਂ ਜਾਣਦੇ ਕਿ,' ਸਾਨੂੰ ਭੁੱਖ ਤੋਂ ਤੰਗ ਨਾ ਹੋਣ ਵਾਲਾ ਅੰਨ ਇੱਕ ਗ਼ਰੀਬ ਕਿਸਾਨ ਦੇ ਖੇਤਾਂ ਵਿੱਚੋਂ ਹੀ ਆਉਂਦਾ ਹੈ।' ਜੇ ਅਸੀ ਇਸ ਬਾਰੇ ਜਾਣੂ ਹਾਂ ਤਾਂ ਫਿਰ ਸਰਕਾਰ ਕੀ ਤਮਾਸ਼ਾ ਕਰਕੇ ਵਖਾਉਣਾ ਚਾਹੁੰਦੀ ਹੈ। ਸਰਕਾਰਾਂ ਦੇ ਬਣਾਏ ਗਏ ਨਿਯਮ ਹਰ ਕੋਈ ਮਨੁੱਖ ਮੰਨਦਾ ਹੈ। ਸਰਕਾਰ ਵਿਰੁੱਧ ਨਾਅਰੇਬਾਜ਼ੀ ਉਦੋਂ ਹੀ ਕੀਤੀ ਜਾਂਦੀ ਹੈ ਜਦੋਂ ਕਿਸੇ ਪਾਸੇ ਭਰੂਣ ਹੁੰਦਾ ਹੋਵੇ,ਭ੍ਰਿਸਟਾਖੋਰੀ ਵਧੇਰੇ ਹੁੰਦੀ ਹੋਵੇ,ਧੀਆਂ ਦਾ ਸ਼ਿਕਾਰ ਹੁੰਦਾ ਹੋਵੇ ਜਾਂ ਫਿਰ ਗ਼ਰੀਬ ਕਿਸਾਨਾਂ ਦੀਆਂ ਫਸਲਾਂ ਦਾ ਮੁੱਲ ਹੋਰ ਘਟਾ ਵਧਾ ਦਿੱਤਾ ਜਾਵੇ ਆਦਿ। ਇਹ ਸਭ ਗੱਲਾਂ ਧਿਆਨ ਵਿੱਚ ਲਿਆਉਂਦੇ ਹੋਏ ਸਾਫ਼ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਲਾਪ੍ਰਵਾਹ ਬਹੁਤ ਹੈ ਜਿੱਥੇ ਅੰਨ੍ਹੇ - ਵਾਹ ਸਰਕਾਰ ਫ਼ਾਲਤੂ ਇਰਧ ਗਿਰਧ ਦਾ ਜਾਇਜਾ ਲੈ ਕੇ ਯਕੀਨ ਦਿਲਾਉਂਦੀ ਹੈ ਕਿ ' ਸਰਕਾਰ ਆਪਕੀ ਸੇਵਾ ਮੇ ਸਦਾ ਹੀ ਹਾਜ਼ਿਰ ਹੈ।'

ਸਰਕਾਰ ਦੇ ਬੋਲ ਸੁਣੋਂਗੇ ਤਾਂ ਇੰਝ ਲੱਗੇਗਾ ਕਿ ਜਿਵੇਂ ਸੱਚ - ਮੁੱਚ ਇਹ ਸੇਵਾ ਕਰੇਗੀ ਤੇ ਸੱਚਾ ਇਨਸਾਨ ਹੋਣ ਦਾ ਫ਼ਰਜ ਅਦਾ ਕਰੇਗੀ ਲੇਕਿਨ ਇਹ ਸਭ ਸੁਣ ਕੇ ਹੀ ਵਧੀਆ ਲੱਗਦਾ ਹੈ ਸੱਚ - ਮੁੱਚ ਤਾਂ ਕੁਝ ਵੀ ਨਹੀਂ ਹੁੰਦਾ। ਸਰਕਾਰ ਦੇ ਫ਼ੈਸਲੇ ਜੋ ਵੀ ਇਹਨਾਂ ਦਿਨਾਂ ਵਿੱਚ ਦੇਖਣ ਨੂੰ ਮਿਲ ਰਹੇ ਹਨ ਉਹ ਸਭ ਗ਼ਲਤ ਦਿਖਾਈ ਦੇ ਰਹੇ ਹਨ। ਕਿਸਾਨਾਂ ਦੇ ਮੁੱਦੇ ਦੀ ਗੱਲ ਕਰੀਏ ਤਾਂ ਕਿਸਾਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਫ਼ਸਲਾਂ ਉੱਤੇ .. ਸਹੀ ਨਹੀਂ ਦਿੱਤੀ ਜਾ ਰਹੀ,ਮਤਲਬ ਕਿ ਸਹੀ ਮੁੱਲ ਫ਼ਸਲਾਂ ਉੱਤੇ ਨਹੀਂ ਦਿੱਤਾ ਜਾ ਰਿਹਾ ਜਿਸ ਨਾਲ ਕਿਸਾਨਾਂ ਦੀ ਮਿਹਨਤ ਉੱਤੇ ਪਾਣੀ ਫਿਰ ਰਿਹਾ ਹੈ ਤੇ ਉਹਨਾਂ ਦਾ ਵਧੇਰੇ ਨੁਕਸਾਨ ਵੀ ਹੋ ਰਿਹਾ ਹੈ। ਹਰੇਕ ਫ਼ਸਲਾਂ ਦੀ ਕਾਸ਼ਤ ਨੂੰ ਅਗਰ ਇੰਝ ਹੀ ਮੁੱਲ ਮਿਲਦਾ ਰਿਹਾ ਤਾਂ ਬਜਾਰ ਵਿੱਚ ਵਿਕ ਰਹੇ ਆਟੇ ਦਾ ਮੁੱਲ ਤੀਹ ਪੈਂਤੀ ਪਰ ਕਿੱਲੋ ਦੀ ਜਗ੍ਹਾ ਸੌ ਰੁਪਏ ਪਰ ਕਿੱਲੋ ਹੋਇਆ ਕਰਨਾ।

ਗ਼ਰੀਬ ਘਰਾਂ ਦੇ ਚੁੱਲ੍ਹੇ ਰੋਟੀ ਪੱਕ ਸਕੇ ਇਸ ਕਾਰਨ ਕਿਸਾਨ ਆਪਣਾ ਹੱਕ ਮੰਗ ਰਹੇ ਹਨ ਪਰ ਸਰਕਾਰ ਉਲਝਣਾਂ ਵਿੱਚ ਪਾ ਕੇ ਆਪ ਪੈਸਾ ਖਾਣਾ ਚਾਹੁੰਦੀ ਹੈ ਜਿਸ ਨਾਲ ਹਰ ਘਰ ਦਾ ਨੁਕਸਾਨ ਹੈ। ਇੱਕ ਕਿਸਾਨ ਅਗਰ ਆਵਾਜ਼ ਚੁੱਕਦਾ ਹੈ ਤੇ ਬਾਕੀ ਘਰ ਬੈਠੇ ਉਸਨੂੰ ਵੇਖੀ ਜਾਂਦੇ ਹਨ ਤੇ ਕਹਿੰਦੇ ਹਨ ਕਿ ਉਹ ਤਾਂ ਪਾਗ਼ਲ ਨੇ ਜੋ ਇੰਝ ਆਵਾਜ਼ ਚੁੱਕਦੇ ਹਨ ਤਾਂ ਉਹ ਘਰ ਬੈਠਾ ਇਨਸਾਨ ਮੂਰਖ ਹੈ। ਉਸਨੂੰ ਇਸ ਬਾਰੇ ਇੱਕ ਦਮ ਨਹੀਂ ਪਤਾ ਲੱਗਣਾ,ਜਦੋਂ ਬਜਾਰ ਵਿੱਚ ਆਟੇ ਦਾ ਭਾਅ ਸੌ ਰੁਪਏ ਪਰ ਕਿੱਲੋ ਹੋ ਗਿਆ ਉਸ ਦਿਨ ਘਰ ਬੈਠੇ ਹੋਏ ਇਨਸਾਨ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ।

ਨਿਆਣੇ ਹੁੰਦੇ ਤਾਂ ਮੰਨ ਵੀ ਲੈਂਦੇ ਕਿ ਉਹ ਪਾਗ਼ਲ ਹਨ ਇੱਥੇ ਤਾਂ ਉਹਨਾਂ ਦੀ ਗੱਲ ਹੋ ਰਹੀ ਹੈ ਜੋ ਸਾਰਾ ਦਿਨ ਖੇਤਾਂ ਵਿੱਚ ਖੇਤੀ ਕਰਦੇ ਹਨ। ਸਾਰਾ ਸਾਰਾ ਦਿਨ ਧੁੱਪੇ ਸੜਦੇ ਹਨ ਤੇ ਆਪਣੇ ਖੇਤ ਨੂੰ ਹੀ ਆਪਣੀ ਅੰਨ ਮਾਂ ਸਮਝਦੇ ਹਨ। ਕਿਸਾਨ ਦਾ ਰਿਸ਼ਤਾ ਉਸ ਫ਼ਸਲ ਨਾਲ ਹੁੰਦਾ ਹੈ ਜਿਸ ਨਾਲ ਉਸਨੂੰ ਪਿਆਰ ਵੀ ਹੈ ਤੇ ਇੱਜਤ ਵੀ...ਕਿਸਾਨ ਕਦੇ ਵੀ ਫ਼ਸਲਾਂ ਵਿੱਚ ਜਹਿਰ ਨਹੀਂ ਘੋਲੇਗਾ ਪਰ ਸਰਕਾਰ ਕੀ ਚਾਹੁੰਦੀ ਹੈ ਇਹ ਸਾਫ਼ ਨਜਰ ਆਉਂਦਾ ਹੈ। ਕਿਸਾਨਾਂ ਦੇ ਹੱਕ ਦੀ ਆਵਾਜ਼ ਉਸ ਹੱਦ ਬਿਲਕੁੱਲ ਵੀ ਗਲਤ ਨਹੀਂ ਹੈ ਜਿੱਥੇ ਉਹਨਾਂ ਨਾਲ ਧੱਕਾ ਹੋ ਰਿਹਾ ਹੋ। ਹਰ ਥਾਂ ਤੋਂ ਕਿਸਾਨ ਆਪਣੀ ਖੇਤੀ ਕਰਦਾ ਹੈ ਤੇ ਉਹ ਦੂਜੇ ਕਿਸਾਨ ਦਾ ਮੁੱਲ ਸਮਝਦਾ ਹੈ।

ਇਕਜੁੱਟ ਤਾਕਤ ਹੀ ਕਿਸਾਨਾਂ ਦੇ ਹੱਕ ਦੀ ਆਵਾਜ਼ ਹੈ। ਜੋ ਨੇਤਾ ਬਣ ਕੇ ਉੱਚ ਦਰਜੇ ਦਾ ਤਾਪ ਤੇ ਚੜ੍ਹਤ ਰੱਖਦੇ ਹਨ ਉਹਨਾਂ ਨੂੰ ਪੁਰਾਣੇ ਦਿਨ ਨਹੀਂ ਭੁੱਲਣੇ ਚਾਹੀਦੇ ਜਿਹਨਾਂ ਵਿੱਚ ਉਹਨਾਂ ਦੀ ਮਾਵਾਂ ਨੇ ਕਦੇ ਦੂਜੇ ਘਰ ਕੰਮ ਕਰ ਕੇ ਦੋ ਸਮੇਂ ਦਾ ਨਿਵਾਲਾ ਮੂੰਹ ਵਿੱਚ ਪਾਇਆ ਹੋ। ਜੋ ਨਿਵਾਲਾ ਮੂੰਹ ਵਿੱਚ ਗਿਆ ਸੀ ਉਹ ਕਿਸਾਨਾਂ ਵੱਲੋਂ ਉਗਾਈ ਗਈ ਖੇਤੀ ਦੀ ਮਿਹਨਤ ਦਾ ਨਤੀਜਾ ਸੀ। ਅੱਜ ਅਸੀਂ ਭੁੱਖੇ ਨਹੀਂ ਮਰਦੇ ਕਿਉਂ...ਕਿਉਕਿ ਅੰਨ ਉਗਾਉਣ ਵਾਲਾ ਇੱਕ ਕਿਸਾਨ ਹੀ ਹੈ। ਸਰਕਾਰਾਂ ਦੇ ਨਜ਼ਰੀਏ ਸਾਫ਼ ਸਾਫ਼ ਬਿਆਨ ਹੋ ਰਹੇ ਹਨ ਕਿ ਉਹ ਪੰਜਾਬ ਦੇ ਲੋਕਾਂ ਤੋਂ ਨਿਰਾਸ਼ ਹਨ ਕਿਉਂਕਿ ਪੰਜਾਬ ਆਪਣੇ ਆਪ ਨੂੰ ਹਿੰਦੁਸਤਾਨੀ ਨਹੀਂ ਆਖਦਾ ਹੈ ਉਹ ਸਿੱਖ ਕੌਮ ਅਖਵਾਉਂਦਾ ਹੈ।

ਸਰਕਾਰਾਂ ਦੀ ਤਾਨਾਸ਼ਾਹੀ ਅਗਰ ਇੰਝ ਹੀ ਚੱਲਦੀ ਹੈ ਤਾਂ ਫਿਰ ਇਸ ਜੱਗ ਉੱਤੇ ਸਰਕਾਰ ਹੀ ਇੱਕ ਹਕੂਮਤ ਬਣ ਕੇ ਰਹੇਗੀ ਜੋ ਸਿਰਫ਼ ਗ਼ੁਲਾਮ ਰੱਖਣਾ ਚਾਹੁੰਦੀ ਹੈ ਇਨਸਾਨ ਨੂੰ ਇਨਸਾਨ ਨਹੀਂ ਦੇਖਣਾ ਚਾਹੁੰਦੀ। ਪੁਰਾਣੇ ਸਮੇਂ ਅੰਗ੍ਰੇਜੀ ਸਾਮਰਾਜ ਨੇ ਵੀ ਇਹ ਸਕੀਮ ਅਪਣਾਈ ਸੀ ਕਿ ਤਾਨਾਸ਼ਾਹੀ ਬਣ ਕੇ ਹਰ ਇੱਕ ਨੂੰ ਗ਼ੁਲਾਮ ਬਣਾਇਆ ਜਾਵੇ ਪਰ ਉਹ ਗ਼ਲਤ ਸੀ ਉਹਨਾਂ ਨੇ ਭਾਰਤ ਵਿੱਚ ਗ਼ਲਤ ਥਾਂ ਉੱਤੇ ਪੈਰ ਰੱਖ ਲਿਆ ਸੀ ਜਿਸਦਾ ਨਾਂ ਪੰਜਾਬ ਵਜੋਂ ਜਾਣਿਆ ਜਾਂਦਾ ਹੈ। ਪੰਜਾਬ ਦੇ ਅਜਿਹੇ ਸੂਰਬੀਰ ਪੈਦਾ ਹੋਏ ਸੀ ਜਿਹਨਾਂ ਨੇ ਕੁਰਬਾਨੀਆਂ ਦਿੱਤੀਆਂ ਤੇ ਗ਼ੁਲਾਮ ਹੋਣ ਤੋਂ ਬਚਾਇਆ।

ਇਹ ਕਿਹੜੀ ਸਰਕਾਰ ਹੈ ਜੋ ਸਿਰਫ਼ ਨਾਮ ਲਈ ਮੰਦਿਰ ਮਸਜਿਦ ਗੁਰੂਦੁਆਰਾ ਸਾਹਿਬ ਜਾ ਵੜਦੀ ਹੈ ਤੇ ਆਪਣੇ ਆਪ ਨੂੰ ਦੇਸ਼ ਭਗਤ ਕਹਾਉਂਦੀ ਹੈ। ਸਰਕਾਰਾਂ ਦੇ ਨਜ਼ਰੀਏ ਗ਼ੁਲਾਮੀ ਦਾ ਚਿੰਨ ਦਰਸਾਉਂਦੇ ਹਨ ਜਿਸ ਨਾਲ ਹਰ ਇੱਕ ਇਨਸਾਨ ਲਈ ਖਤਰਾ ਹੈ। ਇੱਕੋ ਥਾਲੀ ਵਿੱਚ ਖਾਣ ਵਾਲੀ ਸਰਕਾਰ ਅੱਜ ਇਹ ਫ਼ੈਸਲਾ ਕਰਕੇ ਕਹਿੰਦੀ ਹੈ,' ਹਮ ਸਦਾ ਹੀ ਆਪਕੀ ਸਹਾਇਤਾ ਮੇ ਖੜ੍ਹੇ ਹੈ।' ਜੋ ਨੇਤਾ ਭਾਸ਼ਣ ਦਿੰਦੇ ਹਨ ਤੇ ਆਪਣੇ ਵਿਚਾਰ ਦੀ ਥਾਂ ਉਹ ਸ਼ਬਦ ਦੁਹਰਾਉਂਦੇ ਹਨ ਜੋ ਉਹਨਾਂ ਦੇ ਮੈਂਬਰਾਂ ਵੱਲੋਂ ਪਹਿਲੋਂ ਤਿਆਰ ਕਰਕੇ ਰੱਖੇ ਗਏ ਹਨ। ਇਹ ਸਭ ਦਿਖਾਵਾ ਕਿਉਂ...ਕਿਉਂ ਹਰ ਥਾਂ ਪੋਸਟਰ ਲਗਾ ਕੇ ਇਹ ਕਿਹਾ ਜਾਂਦਾ ਹੈ,' ਅਬ ਯੇ ਸਾਥ ਤੁਮਾਰਾ ਹੈ ਔਰ ਤੁਮਾਰਾ ਨੇਤਾ ਕੰਮ ਕਰ ਦਿਖਾਣੇ ਵਾਲਾ ਹੈ।' ਸਰਕਾਰ ਵੱਲੋਂ ਬਿਆਨ ਸਭ ਝੂਠੇ ਹਨ।

ਕਿਸਾਨਾਂ ਦੇ ਹੱਕ ਦੀ ਗੱਲ ਕਰੀਏ ਤਾਂ ਪਿੱਛਲੇ ਗਿਆਰਾਂ ਦਿਨਾਂ ਵਿੱਚ ਉਹਨਾਂ ਉੱਤੇ ਸਿਰਫ਼ ਤੇ ਸਿਰਫ਼ ਹੱਤਿਆ - ਚਾਰ ਹੋਇਆ ਹੈ। ਦਿਨੋਂ ਦਿਨ ਵੱਧ ਰਹੇ ਹਾਲਾਤ ਵਿੱਚ ਵਧੇਰੇ ਲੋਕ ਜਖਮੀ ਹੋ ਚੁੱਕੇ ਹਨ ਜਿੱਥੇ ਕਈ ਡਾਕਟਰ ਵੀ ਥੱਕ ਚੁੱਕੇ ਹਨ। ਅਜਿਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਹਿ ਰਿਹਾ ਹੈ ਜੋ ਕਿਸਾਨਾਂ ਨੇ ਕਦੇ ਸੋਚਿਆ ਵੀ ਨਹੀਂ ਹੈ। ਕਿਸਾਨ ਬਹੁਤੇ ਪੜ੍ਹੇ ਲਿਖੇ ਵੀ ਨਹੀਂ ਹਨ ਜਿਹਨਾਂ ਨੂੰ ਪਤਾ ਹੋ ਕਿ ਮਹਾਰਾਜੇ ਕਦੇ ਵੀ ਆਪਣੇ ਰਾਜ ਦਾਖਲ ਹੋਣ ਨਹੀਂ ਦਿੰਦੇ। ਜਿਸ ਢੰਗ ਨਾਲ ਇਹਨਾਂ ਫੌਜ਼ ਨੂੰ ਖੜ੍ਹਾਇਆ ਗਿਆ ਹੈ ਇਸਤੋਂ ਸਾਫ਼ ਨਜਰ ਆਉਂਦਾ ਹੈ ਕਿ ਇੱਕ ਸਾਮਰਾਜ ਦਾ ਮਹਾਰਾਜਾ ਵੀ ਹੈ ਜੋ ਹੱਕਾਂ ਦੀ ਆਵਾਜ਼ ਨੂੰ ਦਬਾਏ ਰੱਖਣ ਦਾ ਬਲ ਰੱਖਦਾ ਹੈ।

ਸਰਕਾਰਾਂ ਦੇ ਬਣਾਏ ਗਏ ਨਿਯਮ ਅੱਜ ਨਿਯਮ ਤਹਿਤ ਨਜਰ ਨਹੀਂ ਆ ਰਹੇ। ਇੱਕ ਫੌਜ਼ ਵਿੱਚ ਸਰਕਾਰੀ ਸੈਨਿਕ ਬਿਨਾਂ ਵਰਦੀ ਤੋਂ ਨਜਰ ਆਉਂਦਾ ਹੈ ਤੇ ਆਖਦਾ ਹੈ ਕਿ ਸਰਕਾਰ ਦੇ ਫ਼ੈਸਲੇ ਹਨ ਕਿ ਦਿੱਲੀ ਆਉਣ ਨਹੀਂ ਦੇਣਾ। ਜਦੋਂ ਇੱਕ ਮੀਡੀਆ ਵੱਲੋਂ ਸਵਾਲ ਪੁੱਛਿਆ ਜਾਂਦਾ ਹੈ ਕਿ ਤੁਹਾਡੀ ਵਰਦੀ ਕਿੱਥੇ ਹੈ ਤਾਂ ਉਸਦਾ ਜਵਾਬ ਹੁੰਦਾ ਹੈ ਕਿ ' ਵਰਦੀ ਦੀ ਕੀ ਲੋੜ...ਉੱਤੋਂ ਸਰਕਾਰੀ ਕਵਚ ਪਾਇਆ ਤਾਂ ਹੈ।' ਹੁਣ ਸਰਕਾਰੀ ਨਿਯਮ ਕਿੱਥੇ ਗਏ ਤੇ ਕਿਉਂ ਸਰਕਾਰ ਆਪਣਾ ਧਿਆਨ ਇਹਨਾਂ ਵੱਲ ਨਹੀਂ ਦੇ ਰਹੀ। ਇੱਥੋਂ ਪਤਾ ਲੱਗਦਾ ਹੈ ਕਿ ਸਰਕਾਰ ਮਾਸਟਰ ਬਲਾਸਟਰ ਬਣ ਕੇ ਬੈਠੀ ਹੈ ਜਿਸਨੂੰ ਗ਼ਰੀਬਾਂ ਉੱਤੇ ਕੋਈ ਰਹਿਮ ਨਹੀਂ ਆਉਂਦਾ ਹੈ। ਸਰਕਾਰ ਵਿਰੁੱਧ ਨਾਅਰੇਬਾਜ਼ੀ ਸਿਰਫ਼ ਹੱਕ ਤੇ ਸੱਚ ਲਈ ਕੀਤੀ ਜਾਂਦੀ ਹੈ ਪਰ ਸਰਕਾਰ ਵੱਲੋਂ ਕੁਝ ਅਹਿਮ ਆਵਾਜ਼ਾਂ ਨੂੰ ਦਬਾ ਦਿੱਤਾ ਜਾਂਦਾ ਹੈ।

ਸੀਨੀਅਰ ਅਧਿਕਾਰੀ ਸਰਕਾਰਾਂ ਦੇ ਹੁਕਮ ਦਾ ਇੰਤਜ਼ਾਰ ਕਰਦੇ ਹਨ ਜਿਹਨਾਂ ਕਰਕੇ ਉਹ ਹਰ ਤਾਕਤ ਵਰਤਦੇ ਹਨ ਜਿਹਨਾਂ ਨਾਲ ਹੱਕ ਸੱਚ ਨੂੰ ਖ਼ਤਮ ਕੀਤਾ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਕੀ ਸਾਬਿਤ ਹੋ ਜਾਵੇਗਾ...ਕਿਸਾਨ ਆਪਣੀ ਫ਼ਸਲ ਲਈ ਕੁਰਬਾਨ ' ਤੇ ਹੋ ਸਕਦਾ ਹੈ ਪਰ ਆਪਣੇ ਉੱਤੇ ਧੱਕਾ ਕਦੇ ਵੀ ਬਰਦਾ-ਸ਼ਤ ਨਹੀਂ ਕਰੇਗਾ। ਪੜ੍ਹੀ ਲਿਖੀ ਵੇਲੀ ਜਨਤਾ ਸਿਰਫ਼ ਘਰ ਬੈਠੇ ਫ਼ਾਲਤੂ ਦਾ ਬਿਆਨ ਕਰ ਬੋਲ ਦਿੰਦੀ ਹੈ,' ਇਹ ਕਿਸਾਨ ਨਹੀਂ ਖਾਲਿਸਤਾਨੀ ਨੇ,ਦੂਜੇ ਪਾਸੇ ਸਿੱਖ ਕੌਮ ਮੁਰਦਾਬਾਦ,ਤੀਜੇ ਪਾਸੇ ਇੱਕ ਸਰਦਾਰ ਪੁਲਿਸ ਨੂੰ ਨੇਤਾ ਹੀ ਆਖ ਦਿੰਦਾ ਹੈ,' ਤੁਮ ਬੀ ਖਾਲਿਸਤਾਨੀ ਹੋ।' ਕੀ ਮਤਲਬ ਹੈ ਤੁਹਾਡੇ ਕੀਤੇ ਸਵਾਲਾਂ ਦਾ..ਜਦੋਂ ਇਹ ਸਵਾਲ ਤੁਹਾਡੇ ਸਾਹਮਣੇ ਖੜ੍ਹ ਫਿਰ ਤੋਂ ਬੁਲਵਾਇਆ ਜਾਵੇ ਤਾਂ ਤੁਸੀ ਹੱਥ ਜੋੜਦੇ ਦਿੰਦੇ ਹੋ ਤੇ ਮਾਫ਼ੀ ਮੰਗਦੇ ਹੋ। ਕੁਝ ਲੋਕਾਂ ਦੀ ਵਜ੍ਹਾ ਕਰਕੇ ਹੀ ਹਰ ਹਕੂਮਤ ਗ਼ੁਲਾਮ ਬਣਾਉਣ ਦਾ ਸੁਪਨਾ ਵੇਖ ਲੈਂਦੀ ਹੈ।

ਸਰਕਾਰਾਂ ਨੂੰ ਹਰ ਨਿਯਮ ਤੇ ਕਾਨੂੰਨ ਦਾ ਪਤਾ ਹੈ ਕਦੇ ਆਪਣੇ ਆਪ ਦੇ ਕਾਨੂੰਨ ਨੂੰ ਵੇਖਿਆ। ਇੱਕ ਪਾਰਲੀਮੈਂਟ ਵਿੱਚ ਦੋ ਸੌ ਤੋਂ ਵੱਧ ਨੇਤਾ ਬੈਠ ਕੇ ਨੇਤਾਗਿਰੀ ਕਰਦੇ ਹਨ ਤੇ ਇੱਕ ਦੂਜੇ ਉੱਤੇ ਉਂਗਲ ਵੀ ਚੁੱਕਦੇ ਹਨ ਕਿ ਉਹ ਭਲਾਈ ਕਰਨ ਵਾਲੇ ਨੇਤਾ ਹੋ ਸਕਦੇ ਹਨ। ਸਰਕਾਰਾਂ ਦੇ ਫ਼ੈਸਲੇ ਆਮ ਘਰਾਂ ਲਈ ਹੱਕ ਦੀ ਰੋਟੀ ਖੋਹ ਲੈਣਾ ਹੈ ਤੇ ਹੱਕਾਂ ਦੀ ਆਵਾਜ਼ ਚੁੱਕਣ ਵਾਲੇ ਨੂੰ ਮਾਰ ਕੇ ਆਪਣੇ ਆਪ ਨੂੰ ਸਹੀ ਕਹਿਣਾ ਹੈ। ਇਸ ਤਰ੍ਹਾਂ ਦੀ ਸਰਕਾਰ ਇਹੋ ਜਿਹੀ ਕੁਰਸੀ ਤੋਂ ਲੱਥ ਜਾਣੀ ਚਾਹੀਦੀ ਹੈ। ਡਰ ਹਰ ਇੱਕ ਇਨਸਾਨ ਨੂੰ ਹੁੰਦਾ ਹੈ ਉਸਦਾ ਨਾਂ ਮੌਤ ਹੈ। ਮੌਤ ਬਿਮਾਰੀ ਦਾ ਰੂਪ ਧਾਰ ਕੇ ਵੀ ਆ ਸਕਦੀ ਹੈ ਜਿਸਨੂੰ ਬਚਾਇਆ ਤੱਕ ਵੀ ਨਹੀਂ ਜਾ ਸਕਦਾ।

ਸਰਕਾਰਾਂ ਨੇ ਜੋ ਵੀ ਟੋਏ ਪੁੱਟੇ ਹਨ ਉਹ ਬਿਲਕੁੱਲ ਗ਼ਲਤ ਹਨ। ਕਿਸਾਨਾਂ ਨੂੰ ਆਪਣਾ ਹੱਕ ਮੰਗਣ ਦਾ ਪੂਰਾ ਅਧਿਕਾਰ ਹੈ। ਜੇ ਸਰਕਾਰ ਉਹਨਾਂ ਦਾ ਹੱਕ ਨਹੀਂ ਦੇਣਾ ਚਾਹੁੰਦੀ ਤਾਂ ਉਹ ਵੀ ਦਾਣਾ ਮੰਡੀ ਆ ਕੇ ਕਿਸਾਨਾਂ ਤੋਂ ਦਾਣਾ ਨਾ ਲੈਣ। ਜਦੋਂ ਸੱਚ - ਮੁੱਚ ਹੀ ਦਾਣਾ ਦੇਣਾ ਕਿਸਾਨਾਂ ਨੇ ਬੰਦ ਕਰਤਾ ਤਾਂ ਭਾਰਤ ਦਾ ਹਰ ਕੋਣਾਂ ਭੁੱਖੇ ਮਰ ਜਾਵੇਗਾ ਤੇ ਜਿਸ ਨਾਲ ਸਮਾਜ ਦਾ ਸ਼ੀਸ਼ਾ ਖਰਾਬ ਦਿਖਾਈ ਦੇਵੇਗਾ। ਇਹ ਹਾਲਾਤ ਬੇਹਤਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਇੰਝ ਕਿਸੇ ਦੇ ਵੀ ਉੱਤੇ ਬਹੁਤ ਗੰਦਾ ਤਸ਼ਦੱਦ ਨਾ ਕੀਤਾ ਜਾਏ। ਸਰਕਾਰਾਂ ਦੇ ਅੰਕੜੇ ਭਾਵੇਂ ਭਰਪੂਰ ਹੋਣ ਲੇਕਿਨ ਕਿਸਾਨ ਦਾ ਫ਼ੈਸਲਾ ਕਿਸੇ ਦੀ ਵੀ ਨੀਂਦ ਚੁਰਾ ਸਕਦਾ ਹੈ ਤੇ ਜਿੰਦਗੀ ਨੂੰ ਭੁੱਖ ਤੰਗ ਵੀ ਬਣਾ ਸਕਦਾ ਹੈ। ਇਸਦਾ ਕਾਰਨ ਸਿਰਫ਼ ਤੇ ਸਿਰਫ਼ ਸਰਕਾਰ ਹੋਵੇਗੀ। ਜਦੋਂ ਘਰ ਘਰ ਆਟੇ ਦਾ ਮੁੱਲ ਸੌ ਰੁਪਏ ਕਿੱਲੋ ਦੇ ਭਾਅ ਦਾ ਖਾਣਾ ਪੈ ਗਿਆ ਉਸ ਸਮੇਂ ਦੇਸ਼ ਕੌਮ ਦੀ ਅੱਖ ਭਰ ਆਉਣੀ ਹੈ ਕਿ ਕਿਸਾਨ ਸਹੀ ਸੀ ਤੇ ਸਰਕਾਰ ਨਾਮ ਦੀ ਬਣੀ ਸੀ।

ਕਿਸਾਨ ਯੂਨੀਅਨ ਏਕਤਾ ਜਿਵੇਂ ਤਿਵੇਂ ਵੀ ਬਣੀ ਹੈ ਉਹ ਸਦਾ ਆਬਾਦ ਰਹੇ ਉਹਨਾਂ ਦੇ ਸਿਰ ਉੱਤੇ ਆਈ ਮੁਸੀਬਤਾਂ ਸਾਡੀਆਂ ਵੀ ਮੁਸੀਬਤਾਂ ਹਨ। ਸਾਨੂੰ ' ਮਿਲੇ ਆਜਾਦੀ ' ਦਾ ਮੁੜ ਨਾਰਾ ਲਾਉਣਾ ਚਾਹੀਦਾ ਹੈ ਤੇ ਇਕਜੁੱਟ ਰਹਿ ਕੇ ਹੱਕ ਦੀ ਆਵਾਜ਼ ਚੁੱਕਣੀ ਚਾਹੀਦੀ ਹੈ। ਕਿਸਾਨਾਂ ਦੇ ਹੌਸਲੇ ਰੱਬ ਦੇ ਘਰ ਤੋਂ ਸ਼ੁਰੂ ਹੁੰਦੇ ਹਨ ਤੇ ਉਹਨਾਂ ਮਾਵਾਂ ਤੇ ਬਜੁਰਗਾਂ ਦੇ ਰਾਖੇ ਵਿੱਚ ਮਜਬੂਤ ਹੁੰਦੇ ਹਨ ਜੋ ਖੁਦ ਨਾਲ ਖੜ੍ਹੇ ਹਨ। ਕਿਸਾਨਾਂ ਨੂੰ ਹੱਕ ਮਿਲਣਾ ਚਾਹੀਦਾ ਹੈ। ਮੈਂ ਸਰਕਾਰ ਦੇ ਵਿਰੁੱਧ ਨਹੀਂ ਹਾਂ ਸਿਰਫ਼ ਉਹਨਾਂ ਨੂੰ ਉਹਨਾਂ ਦੀ ਔਕਾਤ ਬਾਰੇ ਜਾਣੂ ਕਰਵਾ ਰਿਹਾ ਹਾਂ ਜੋ ਆਪਣਾ ਰਾਹ ਭੱਟਕ ਗਏ ਹਨ ਸਿਰਫ਼ ਚੰਦ ਰੁਪਈਆਂ ਦੀ ਖਾਤਿਰ।



## ਬਹੁ-ਪੱਖੀ ਸਖਸ਼ੀਅਤ ਡਾ: ਦਵਿੰਦਰ ਸਿੰਘ ਲੱਧੜ



ਸਿੱਖਿਆ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਡਾ: ਦਵਿੰਦਰ ਸਿੰਘ ਲੱਧੜ ਪ੍ਰੋਫੈਸਰ (ਰਿਟਾ:) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜੋ ਕਨੇਡਾ ਚਲੇ ਗਏ ਹਨ।ਉਹ ਗੁਰੂ ਕਾਸ਼ੀ ਯੂਨੀਵਰਸਿਟੀ, ਬਠਿੰਡਾ ਦੇ ਚਾਂਸਲਰ ਦੇ "ਮੁੱਖ ਸਲਾਹਕਾਰ" ਦੇ ਅਹੁਦੇ ਤੇ ਬਿਰ-ਾਜਮਾਨ ਹੋ ਕੇ ਆਪਣੀ ਸੇਵਾ ਬਾਖੂਬੀ ਨਿਭਾ ਰਹੇ ਹਨ। ਡਾ: ਲੱਧੜ ਨੂੰ ਇਹ ਸਨਮਾਨ ਗੁਰੂ ਕਾਂਸੀ ਯੂਨੀਵਰਸਿਟੀ ਦੀ ਮੈਨੇਜਮੈਂਟ ਨਾਲ ਹੋਈ ਇੱਕ ਅਹਿਮ ਮੀਟਿੰਗ ਵਿੱਚ ਦਿੱਤਾ ਗਿਆ। ਉਨਾਂ ਦੇ ਤਿੰਨ ਦਹਾਕਿਆਂ ਦੇ ਲੰਬੇ ਵਿਦਿਅਕ ਤਜਰਬੇ ਅਤੇ ਅਧਿਆਯਨ ਦੀਆਂ ਪ੍ਰਾਪਤੀਆਂ ਨੂੰ ਵੀ ਮੁੱਖ ਰੱਖਿਆ ਗਿਆ ਹੈ। ਇਸ ਸਮੇਂ ਆਪ ਕਨੇਡਾ ਵਿੱਚ ਕਈ ਵਿਦਿਅਕ ਸੰਸਥਾਵਾਂ ਦੇ "ਅਕਾਦਮਿਕ ਸਲਾਹਕਾਰ" ਹਨ। ਆਪ ਵਿਸ਼ਵ ਪੰਜਾਬੀ ਸਭਾ ਕਨੇਡਾ (ਰਜਿ:) ਦੇ ਸੀਨੀਅਰ ਵਾਈਸ ਪ੍ਰਧਾਨ ਵੀ ਹਨ। ਆਪ ਕਈ ਸਾਹਿਤ ਸਮਾਗਮਾਂ ਅਤੇ ਕਲਚਰਲ ਸਮਾਗਮਾਂ ਵਿੱਚ ਮੁੱਖ ਮਹਿਮਾਨ ਅਤੇ ਜੱਜ ਦੀ ਸੇਵਾ ਵੀ ਨਿਭਾ ਚੁਕੇ ਹਨ। ਪਿਛਲੇ 40 ਸਾਲਾਂ ਤੋਂ ਕਨੇਡਾ ਅਤੇ ਭਾਰਤ ਵਿੱਚ ਅਨੇਕਾਂ ਰੇਡੀਓ ਅਤੇ ਟੀਵੀ ਸ਼ੋਆਂ ਵਿੱਚ ਭਾਗ ਲੈ ਚੁੱਕੇ ਹਨ। ਡਾ: ਲੱਧੜ ਕੋਲ ਪੀਐਚਡੀ (ਖੇਤੀਬਾੜੀ ) ਦੀ ਡਿਗਰੀ ਹੈ ਅਤੇ ਉਨਾਂ ਨੇ ਕਿਸਾਨਾਂ ਦੀ ਨਵੀਨਤਮ ਤਕਨੀਕਾਂ ਨਾਲ ਉੱਨਤੀ ਲਈ 30 ਸਾਲਾਂ ਤੱਕ ਆਪਣੀਆਂ ਸ਼ਾਨਦਾਰ ਸੇਵਾਵਾਂ ਦੇ ਚੁੱਕੇ ਹਨ। ਉਹਨਾਂ ਨੂੰ 'ਪੰਜਾਬ ਰਤਨ' ਦੇ ਅਵਾਰਡ ਨਾਲ ਵੀ ਨਿਵਾਜਿਆ ਗਿਆ ।




## ਕਿਸਾਨ ਅੰਦੋਲਨ ਵਿੱਚ ਬੋਲ- ਕੁਬੋਲ ਬੋਲ ਕੇ ਅਸੀਂ ਦੁਨੀਆਂ ਨੂੰ ਆਪਣੇ ਖਿਲਾਫ ਤਾਂ ਨਹੀਂ ਕਰ ਰਹੇ ?

ਪਹਿਲੇ ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਇਹ ਕਦੇ ਮਹਿਸੂਸ ਨਹੀਂ ਸੀ ਹੋਇਆ ਕਿ ਸਾਨੂੰ ਦੁਬਾਰਾ ਧਰਨੇ ਲਗਾਉਣੇ ਪੈਣਗੇ। ਆਪਣੇ ਕੰਮ ਕਰ ਛੱਡ ਕੇ ਫਿਰ ਬਾਡਰਾਂ 'ਤੇ ਡੇਰੇ ਲਗਾਉਣੇ ਪੈਣਗੇ। ਪਰ ਅਜਿਹਾ ਹੋ ਰਿਹਾ ਹੈ। ਵੱਡੀ ਗੱਲ ਇਹ ਹੈ ਕਿ ਜਿੱਥੇ ਹਰ ਜੁਝਾਰੂ ਸੋਚ ਰੱਖਣ ਵਾਲਾ, ਕਿਸਾਨ ਦੀਆਂ ਸਮੱਸਿਆਵਾਂ ਨੂੰ ਸਮਝਣ ਵਾਲਾ ਇਸ ਅੰਦੋਲਨ ਦੀ ਦਿਲੋਂ ਹਮਾਇਤ ਕਰ ਰਿਹਾ ਹੈ, ਉੱਥੇ ਨੈਸ਼ਨਲ ਮੀਡੀਏ ਦਾ ਪੂਰਾ ਜ਼ੋਰ ਇਸ ਅੰਦੋਲਨ ਨੂੰ ਖਾਲਿਸਤਾਨੀ ਰੂਪ ਦੇਣ 'ਤੇ ਲੱਗਿਆ ਹੋਇਆ ਹੈ। ਕੋਈ ਕਿਸਾਨਾਂ ਨੂੰ ਨਕਲੀ ਕਿਸਾਨ ਕਹਿ ਰਿਹਾ ਹੈ, ਕੋਈ ਕਹਿ ਰਿਹਾ ਹੈ ਚੋਣਾਂ ਨੇੜੇ ਹਨ ਇਸ ਲਈ ਜਾਣ ਬੁੱਝ ਕੇ ਅੰਦੋਲਨ ਕੀਤਾ ਜਾ ਰਿਹਾ ਹੈ। ਕੋਈ ਕੁੱਝ ਕਹਿ ਰਿਹਾ ਹੈ ਅਤੇ ਕੋਈ ਕੁੱਝ।

ਪਰ ਜਿਸ ਇਨਸਾਨ ਦੀਆਂ ਅੱਖਾਂ 'ਤੇ ਸੱਤਾ ਦੇ ਮੋਹ-ਪਿਆਰ ਦੀ ਪੱਟੀ ਨਹੀਂ ਬੰਨ੍ਹੀ; ਕੇਵਲ ਓਹੀ ਖੁੱਲ੍ਹ ਕੇ ਇਸ ਅੰਦੋਲਨ ਦੀ ਹਮਾਇਤ ਕਰ ਰਹੇ ਹਨ, ਭਾਵੇਂ ਉਹ ਅਖਬਾਰ ਹੋਣ, ਰਾਜ ਪੱਧਰੀ ਮੀਡੀਆ ਹੋਵੇ ਜਾਂ ਫਿਰ ਕੋਈ ਵੀ ਇਨਸਾਨ ਹੋਵੇ।

ਪਰ ਜਿੰਨ੍ਹਾਂ ਨੂੰ ਸਮੇਂ ਦੀ ਸਰਕਾਰ ਤੋਂ ਉੱਤੇ ਕੁੱਝ ਨਜ਼ਰ ਹੀ ਨਹੀਂ ਆਉਂਦਾ, ਉਹ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਝੂਠੇ ਸੱਚ ਦੀ ਪਰਤ ਚੜ੍ਹਾ ਕੇ ਸਹੀ ਸਾਬਤ ਕਰਨ ਤੋਂ ਬਾਜ ਨਹੀਂ ਆਉਂਦੇ। ਬੇਸ਼ੱਕ ਅੰਦੋਲਨ ਕਈ ਰਾਜਾਂ ਦੇ ਕਿਸਾਨਾਂ ਵੱਲੋਂ ਵਿੱਢਿਆ ਗਿਆ ਪਰ ਹਰ ਵਾਰ ਦੀ ਤਰ੍ਹਾਂ ਪਹਿਲ ਪੰਜਾਬ ਵੱਲੋਂ ਹੀ ਕੀਤੀ ਗਈ ਹੈ। ਅਜਿਹਾ ਹੋਵੇ ਵੀ ਕਿਓਂ ਨਾ, ਜਿਨ੍ਹਾਂ ਨੂੰ ਗੁੜਤੀ ਵਿੱਚ ਦਲੇਰੀ ਮਿਲੀ ਹੋਵੇ ਉਹਨਾਂ ਦਾ ਅੱਗੇ ਹੋ ਕੇ ਜੂਝਣਾ ਸੁਭਾਵਿਕ ਹੈ।

ਪਰ ਜੋਸ਼ ਦੇ ਨਾਲ-ਨਾਲ ਹੋਸ਼ ਰੱਖਣਾ ਵੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਅਸੀਂ ਖਨੌਰੀ ਬਾਡਰ 'ਤੇ ਆਪਣਾ ਕਿੰਨਾ ਨੁਕਸਾਨ ਕਰਵਾ ਲਿਆ। ਕਿਸਾਨ ਸ਼ਹੀਦ ਵੀ ਕਰਵਾ ਲਏ। ਉਹ ਵੀ ਓਦੋਂ ਜਦੋਂ ਧਰਨਾ ਬਿਲਕੁਲ ਸ਼ਾਂਤਮਈ ਤਰੀਕੇ ਨਾਲ ਚੱਲ ਰਿਹਾ ਸੀ, ਸਾਡੇ ਵੱਲੋਂ ਕੋਈ ਗਲਤੀ ਵੀ ਨਹੀਂ ਸੀ ਹੋਈ।



ਸਾਡੇ ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਸਾਨੂੰ ਬੜੀ ਹੀ ਸੂਝ-ਬੂਝ ਨਾਲ ਚੱਲਣ ਦੀ ਲੋੜ ਹੈ। ਸਾਡੀ ਜੋਸ਼ ਵਿੱਚ ਕੀਤੀ ਗਈ ਬਿਆਨਬਾਜ਼ੀ ਵੱਡੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਪ੍ਰਧਾਨਮੰਤਰੀ ਬਾਰੇ ਵਰਤੇ ਗਏ ਭੱਦੇ ਨਾਅਰੇ, ਮਾਰਨ ਤੱਕ ਦੇ ਦਿੱਤੇ ਗਏ ਬਿਆਨ ਧਰਨੇ ਵਿੱਚ ਕਿੱਥੋਂ ਤੱਕ ਸਹੀ ਹਨ ?

ਇਸ ਤੋਂ ਬਿਨਾ ਹੀ ਲੋਕਾਂ ਦੇ ਮਨਾਂ ਵਿੱਚ ਸਾਡੇ ਪ੍ਰਤੀ ਬਹੁਤ ਜਹਿਰ ਭਰੀ ਹੋਈ ਹੈ, ਕਿਤੇ ਅਜਿਹੇ ਬੋਲ-ਕੁਬੋਲ ਬੋਲ ਕੇ ਅਸੀਂ ਉਸ ਜ਼ਹਿਰ ਨੂੰ ਸਹੀ ਕਰਾਰ ਤਾਂ ਨਹੀਂ ਦੇ ਰਹੇ ?

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਅਜਿਹੇ ਸਮਾਜ ਵਿੱਚ ਰਹਿ ਰਹੇ ਹਾਂ ਜਿੱਥੇ ਇੱਕ ਬੰਦੇ ਦੁਆਰਾ ਕਿਸੇ ਘਟਨਾ ਨੂੰ ਅੰਜਾਮ ਦਿੱਤੇ ਜਾਣ ਦਾ ਬਦਲਾ ਪੂਰੀ ਕੌਮ ਤੋਂ ਲਿਆ ਜਾਂਦਾ ਹੈ। ਅਖੌਤੀ ਧਰਮ ਲੋਕਾਂ 'ਤੇ ਇਸ ਕਦਰ ਹਾਵੀ ਹੋ ਗਿਆ ਹੈ ਕਿ ਉਹ ਸਹੀ ਗਲਤ ਵੇਖ ਕੇ ਨਹੀਂ ਸਗੋਂ ਧਰਮ ਕੇ ਵਿਵਹਾਰ ਕਰਦੇ ਹਨ। ਸਹੀ, ਗਲਤ ਦੀ ਪਰਖ ਵੀ ਰਾਜਨੀਤੀ ਅਤੇ ਧਰਮ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਪ੍ਰਧਾਨਮੰਤਰੀ ਨੂੰ ਮਾਰਨ ਵਾਲੀ ਬਿਆਨਬਾਜੀ ਅਤੇ ਭੱਦੇ ਨਾਅਰੇ ਵਰਤਣ ਬਿਨਾ ਕੀ ਇਹ ਅੰਦੋਲਨ ਸਫ਼ਲ ਨਹੀਂ ਹੋ ਸਕਦਾ? ਰਾਜਨੀਤੀ ਤਾਂ ਚਾਹੁੰਦੀ ਹੀ ਇਹ ਹੈ ਕਿ ਕਦੋਂ ਅਸੀਂ ਕੋਈ ਗਲਤ ਬਿਆਨਬਾਜੀ ਜਾਂ ਹਰਕਤ ਕਰੀਏ ਅਤੇ ਉਹ ਸਾਡੇ ਅੰਦੋਲਨ ਨੂੰ ਖ਼ਤਮ ਕਰਨ ਵਿੱਚ ਸਫਲ ਕਰ ਸਕਣ।

ਅਜਿਹੇ ਬਿਆਨਾਂ ਤੋਂ ਬਿਨਾਂ ਹੀ ਸਾਡੀ ਤਸਵੀਰ ਸੋਸ਼ਲ ਮੀਡੀਆ 'ਤੇ ਬਹੁਤ ਖ਼ਰਾਬ ਦਿਖਾਈ ਜਾ ਰਹੀ ਸੀ। ਅਜਿਹੇ ਬਿਆਨਾਂ ਬਾਅਦ ਵਿਰੋਧੀ ਲੋਕ ਸ਼ਰੇਆਮ '84 ਯਾਦ ਦਿਵਾਉਣ ਦੀਆਂ ਧਮਕੀਆਂ ਦੇ ਰਹੇ ਹਨ। ਦੋਵਾਂ ਪਾਸਿਆਂ ਵੱਲੋਂ ਅਜਿਹੀ ਬਿਆਨਬਾਜੀ ਦਿਲਾਂ ਵਿੱਚ ਨਫ਼ਰਤ ਭਰਨ ਤੋਂ ਬਿਨਾ ਹੋਰ ਕੁੱਝ ਨਹੀਂ ਕਰ ਰਹੀ।

ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਭਾਰਤ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਵਾਲੇ ਯੋਧੇ ਅੱਜ ਸਭ ਤੋਂ ਵੱਧ ਜ਼ਲੀਲ ਕੀਤੇ ਜਾ ਰਹੇ ਹਨ।

ਪਰ ਸਾਡੀ ਉੱਚੇ ਕਿਰਦਾਰਾਂ ਵਾਲਿਆਂ ਦੀ ਬੋਲੀ ਵੀ ਕਿਰਦਾਰ ਦੇ ਹਾਣ ਦੀ ਹੋਣੀ ਜ਼ਰੂਰੀ ਹੈ। ਅਸੀਂ ਐਵੇਂ ਨਾ ਗਲਤ ਨਾਅਰੇ ਲਗਾ ਕੇ, ਗਾਲਾਂ ਕੱਢ ਕੇ, ਗਲਤ ਬਿਆਨਬਾਜੀ ਕਰਕੇ ਸਾਡੇ ਪੱਖ ਵਿੱਚ ਖੜ੍ਹੇ ਲੋਕਾਂ ਦੇ ਮਨ ਵਿੱਚ ਸ਼ੱਕ ਪੈਦਾ ਕਰੀਏ ਕਿ ਉਹ ਸਾਡਾ ਸਾਥ ਦੇ ਕੇ ਗਲਤੀ ਤਾਂ ਨਹੀਂ ਕਰ ਰਹੇ।

ਅੰਤ ਵਿੱਚ ਇਹੋ ਕਹਾਂਗੀ ਕਿ ਇਹ ਸਬਰ, ਏਕੇ ਦੀ ਤਾਕਤ ਪਹਿਲਾਂ ਵਾਂਗ ਭਾਵੇਂ ਦੇਰ ਨਾਲ ਹੀ ਸਹੀ, ਕਿਸਾਨਾਂ ਦੇ ਹੱਕ ਵਿੱਚ ਫ਼ੈਸਲਾ ਜ਼ਰੂਰ ਲਿਆਵੇਗੀ। 'ਅੜੇ ਰਹੋ, ਡਟੇ ਰਹੋ, ਜਿੱਤ ਲਾਜਮੀ ਹੋਵੇਗੀ।'



ਹਰਪ੍ਰੀਤ ਕੌਰ ਘੁੰਨਸ
97795-20194




# ਮੁੱਖ ਸਕੱਤਰ ਵੱਲੋਂ ਮੁੱਲਾਂਪੁਰ ਕ੍ਰਿਕਟ ਸਟੇਡੀਅਮ ਨੇੜਲੇ ਉਸਾਰੀ ਕੰਮਾਂ ਨੂੰ ਤੁਰੰਤ ਮੁਕੰਮਲ ਕਰਨ ਦੇ ਆਦੇਸ਼

## 23 ਮਾਰਚ ਨੂੰ ਖੇਡਿਆ ਜਾਵੇਗਾ ਆਈ.ਪੀ.ਐਲ. ਦਾ ਮੈਚ



ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਨਿਊ ਚੰਡੀਗੜ੍ਹ ਸਥਿਤ ਉਸਾਰੇ ਗਏ ਕੌਮਾਂਤਰੀ ਕ੍ਰਿਕਟ ਸਟੇਡੀਅਮ ਮੁੱਲਾਂਪੁਰ ਨੂੰ ਆਗਾਮੀ ਇੰਡੀਅਨ ਪ੍ਰੀਮੀਅਰ ਲੀਗ ਦੇ ਮੈਚਾਂ ਲਈ ਇਸ ਦੇ ਨੇੜਲੇ ਖੇਤਰ ਵਿੱਚ ਚੱਲ ਰਹੇ ਉਸਾਰੀ ਕੰਮਾਂ ਨੂੰ ਤੁਰੰਤ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਖੇਡਾਂ ਪ੍ਰਤੀ ਬਿਹਤਰ ਤੇ ਢੁੱਕਵਾਂ ਬੁਨਿਆਦੀ ਢਾਂਚਾ ਉਸਾਰਨ ਲਈ ਦ੍ਰਿੜ ਹੈ ਅਤੇ ਇਸ ਸਬੰਧੀ ਚੱਲ ਰਹੇ ਕੰਮਾਂ ਨੂੰ ਪ੍ਰਮੁੱਖ ਤਰਜੀਹ ਦੇ ਰਹੀ ਹੈ।

ਮੁੱਖ ਸਕੱਤਰ ਵਰਮਾ ਨੇ ਅੱਜ ਇਥੇ ਪੁੱਡਾ, ਗਮਾਡਾ ਦੇ ਅਧਿਕਾਰੀਆਂ ਅਤੇ ਪੰਜਾਬ ਕ੍ਰਿਕਟ ਐਸੋਸੀਏਸਨ ਦੇ ਨੁਮਾਇੰਦਿਆਂ ਨਾਲ ਮੁੱਲਾਂਪੁਰ ਕ੍ਰਿਕਟ ਸਟੇਡੀਅ ਨੇੜਲੇ ਚੱਲ ਰਹੇ ਇੰਜਨੀਅਰਿੰਗ ਤੇ ਸਿਵਲ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਉਸਾਰੀ ਕੰਮਾਂ ਦੀ ਰਿਪੋਰਟ ਰੋਜ਼ਾਨਾ ਆਧਾਰ ਉਤੇ ਦਿੱਤੀ ਜਾਵੇ ਅਤੇ ਇਸ ਸਬੰਧੀ ਅਗਲੀ ਸਮੀਖਿਆ ਮੀਟਿੰਗ 4 ਮਾਰਚ ਨੂੰ ਹੋਵੇਗੀ। 23 ਮਾਰਚ ਨੂੰ ਇਸ ਸਟੇਡੀਅਮ ਵਿੱਚ ਆਈ.ਪੀ.ਐਲ. ਦਾ ਮੈਚ ਖੇਡਿਆ ਜਾਵੇਗਾ।

ਅਨੁਰਾਗ ਵਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਖੇਡ ਸੱਭਿਆਚਾਰ ਪ੍ਰਫੁੱਲਿਤ ਕਰਨ ਲਈ ਉਪਰਾਲੇ ਕਰ ਰਹੀ ਹੈ ਉਥੇ ਸ਼ਹਿਰਾਂ ਦੇ ਵਿਕਾਸ ਨੂੰ ਮੁੱਖ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਨਿਊ ਚੰਡੀਗੜ੍ਹ ਖੇਤਰ ਵਿੱਚ ਉਸਾਰੇ ਗਏ ਇਸ ਨਵੇਂ ਕੌਮਾਂਤਰੀ ਕ੍ਰਿਕਟ ਸਟੇਡੀਅਮ ਵਿਖੇ ਮੈਚ ਖੇਡੇ ਜਾਣ ਨਾਲ ਇਸ ਖੇਤਰ ਦੀ ਹੋਰ ਤਰੱਕੀ ਹੋਵੇਗੀ ਜਿਸ ਲਈ ਇਸ ਸਟੇਡੀਅਮ ਨੂੰ ਜਾਣ ਵਾਲੀਆਂ ਪਹੁੰਚ ਸੜਕਾਂ ਅਤੇ ਪੁੱਲਾਂ ਦੀ ਉਸਾਰੀ ਦਾ ਕੰਮ ਬਿਨਾਂ ਕਿਸੇ ਦੇਰੀ ਤੋਂ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਸਾਰੀ ਕੰਮਾਂ ਵਿੱਚ ਮਿਆਰ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਮੀਟਿੰਗ ਵਿੱਚ ਪੁੱਡਾ ਦੇ ਸੀ.ਏ. ਅਪਨੀਤ ਰਿਆਤ, ਗਮਾਡਾ ਦੇ ਸੀ.ਏ. ਰਾਜੀਵ ਕੁਮਾਰ ਗੁਪਤਾ, ਚੀਫ ਇੰਜਨੀਅਰ ਬਲਵਿੰਦਰ, ਚੀਫ ਟਾਊਨ ਪਲਾਨਰ ਮਨਦੀਪ ਕੌਰ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਦਿਲਸ਼ੇਰ ਖੰਨਾ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਹੰਸ ਫਾਊਂਡੇਸ਼ਨ ਨਾਲ ਸਮਝੌਤਾ ਸਹੀਬੱਧ, 10 ਸਰਕਾਰੀ ਹਸਪਤਾਲਾਂ ਵਿੱਚ ਮਿਲਣਗੀਆਂ ਮੁਫ਼ਤ ਡਾਇਲਸਿਸ ਸਹੂਲਤਾਂ

## ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਸਮਝੌਤਾ ਸਹੀਬੱਦ



ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਦੀਆਂ ਸਿਹਤ ਸੰਭਾਲ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਦੇ ਮੰਤਵ ਲਈ ਗਤੀਸ਼ੀਲ ਭਾਈਵਾਲੀ ਵੱਲ ਕਦਮ ਵਧਾਉਂਦਿਆਂ, ਸੂਬੇ ਦੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਡਾਇਲਸਿਸ ਸੁਵਿਧਾ ਪ੍ਰਦਾਨ ਕਰਨ ਵਾਸਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਨੇ ਹੰਸ ਫਾਊਂਡੇਸ਼ਨ ਦੇਹਰਾਦੂਨ ਨਾਲ ਸਮਝੌਤਾ ਸਹੀਬੱਧ ਕੀਤਾ।

ਅੱਜ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਡਾਇਲਸਿਸ ਪ੍ਰੋਗਰਾਮ ਦੇ ਨੋਡਲ ਅਫ਼ਸਰ ਡਾ. ਰੁਪਿੰਦਰ ਸਿੰਘ ਗਿੱਲ ਅਤੇ ਹੰਸ ਫਾਊਂਡੇਸ਼ਨ ਦੇ ਗਰੁੱਪ ਸੀਨੀਅਰ ਮੈਨੇਜਰ ਸੀਮਾ ਸਿੰਘ ਵੱਲੋਂ ਇਸ ਸਮਝੌਤੇ 'ਤੇ ਹਸਤਾਖਰ ਕੀਤੇ ਗਏ। ਇਸ ਮੌਕੇ ਪੀ.ਐਚ.ਐਸ.ਸੀ. ਦੇ ਮੈਨੇਜਿੰਗ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਅਤੇ ਪੀ.ਐਚ.ਐਸ.ਸੀ. ਦੇ ਡਾਇਰੈਕਟਰ ਡਾ. ਅਨਿਲ ਗੋਇਲ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਸਮਝੌਤੇ ਤਹਿਤ ਹੰਸ ਫਾਊਂਡੇਸ਼ਨ ਵੱਲੋਂ ਵਿਭਾਗ ਨੂੰ ਸਿਖਲਾਈ ਪ੍ਰਾਪਤ ਮੈਡੀਕਲ ਅਫਸਰ ਅਤੇ ਹੋਰ ਸਟਾਫ਼, ਦਵਾਈਆਂ, ਡਾਇਲਸਿਸ ਮਸ਼ੀਨਾਂ ਅਤੇ ਆਰ.ਓ. ਪਲਾਂਟ ਮੁਹੱਈਆ ਕਰਵਾਇਆ ਜਾਵੇਗਾ ਅਤੇ ਫਾਊਂਡੇਸ਼ਨ ਵੱਲੋਂ ਇਨ੍ਹਾਂ ਕੇਂਦਰਾਂ ਦੇ ਕੰਮਕਾਜ ਦੀ ਨਿਗਰਾਨੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿੱਚ, ਫਾਊਂਡੇਸ਼ਨ ਵੱਲੋਂ 10 ਸਰਕਾਰੀ ਸਹੂਲਤਾਂ ਵਿਖੇ ਡਾਇਲਸਿਸ ਸੈਂਟਰ ਸਥਾਪਿਤ ਕੀਤੇ ਜਾਣਗੇ, ਜਿੱਥੇ ਲੋੜਵੰਦ ਮਰੀਜ਼ ਮੁਫ਼ਤ ਡਾਇਲਸਿਸ ਸੁਵਿਧਾਵਾਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਅੱਗੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਹੋਰ ਵੀ ਡਾਇਲਸਿਸ ਸੁਵਿਧਾਵਾਂ ਸਥਾਪਤ ਕੀਤੀਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਅਤੇ ਹੰਸ ਫਾਊਂਡੇਸ਼ਨ ਦੇ ਇਸ ਉਪਰਾਲੇ ਨਾਲ ਨਾ ਸਿਰਫ਼ ਗਰੀਬ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਡਾਇਲਸਿਸ ਦੀ ਸਹੂਲਤ ਮਿਲੇਗੀ ਸਗੋਂ ਕੇਂਦਰ ਨਜਦੀਕ ਹੋਣ ਨਾਲ ਸਫ਼ਰ ਵੀ ਘਟੇਗਾ।



# ਮੁਕੇਸ਼ ਅੰਬਾਨੀ ਦੇ ਬੇਟੇ ਅਨੰਤ ਦੇ ਵਿਆਹ ਤੋਂ ਪਹਿਲਾਂ ਦਾ ਜਸ਼ਨ ਵਿਚ ਬਿਲ ਗੇਟਸ, ਜ਼ੁਕਰਬਰਗ ਤੋਂ ਲੈ ਕੇ ਕਤਰ ਦੇ ਪੀਐੱਮ ਵੀ ਹੋਣਗੇ ਮਹਿਮਾਨ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ): ਦੇਸ਼ ਦੇ ਸਭ ਤੋਂ ਵੱਡੇ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਛੋਟੇ ਬੇਟੇ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦਾ ਵਿਆਹ ਤੋਂ ਪਹਿਲਾਂ ਦਾ ਜਸ਼ਨ 1 ਤੋਂ 3 ਮਾਰਚ ਤੱਕ ਗੁਜਰਾਤ ਦੇ ਜਾਮਨਗਰ ਵਿਚ ਹੋਵੇਗਾ। ਇਸ ਸਮਾਗਮ ਵਿੱਚ ਦੇਸ਼-ਦੁਨੀਆਂ ਦੀਆਂ ਕਈ ਵੱਡੀਆਂ ਸ਼ਖ਼ਸੀਅਤਾਂ ਸ਼ਿਰਕਤ ਕਰਨ ਜਾ ਰਹੀਆਂ ਹਨ, ਜਿਨ੍ਹਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਪ੍ਰੋਗਰਾਮ 'ਚ ਬਾਲੀਵੁੱਡ ਤੋਂ ਇਲਾਵਾ ਵਿਦੇਸ਼ੀ ਹਸਤੀਆਂ ਵੀ ਪਰਫਾਰਮ ਕਰਨ ਜਾ ਰਹੀਆਂ ਹਨ, ਜਿਨ੍ਹਾਂ 'ਚ ਪੌਪ ਸਿੰਗਰ ਰਿਹਾਨਾ ਵੀ ਸ਼ਾਮਿਲ ਹੈ।



ਜਾਮਨਗਰ ਦੇ ਰਿਲਾਇੰਸ ਗ੍ਰੀਨਸ ਕੰਪਲੈਕਸ 'ਚ ਹੋਣ ਵਾਲੇ ਇਸ ਸਮਾਗਮ 'ਚ ਗਲੋਬਲ ਆਈਕਨ ਰਿਹਾਨਾ, ਕਤਰ ਦੇ ਪ੍ਰਧਾਨ ਮੰਤਰੀ ਮੁਹੰਮਦ ਬਿਨ ਅਬਦੁਲ ਰਹਿਮਾਨ ਬਿਨ ਜਾਸਿਮ ਅਲ ਥਾਨੀ, ਬਿਲ ਗੇਟਸ, ਫੇਸਬੁੱਕ ਦੇ ਮਾਰਕ ਜ਼ੁਕਰ-ਬਰਗ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੇਟੀ ਇਵਾਂਕਾ ਟਰੰਪ ਅਤੇ ਸੁੰਦਰ ਪਿਚਾਈ ਵੀ ਸ਼ਾਮਿਲ ਹੋਣਗੇ।







